Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
# ਖੇਤੀ ਦੁਨੀਆਂ
www.khetiduniyan.in
Postage Regd. No. PB/PTA/0338/2025-2027

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 400/- ਰੁਪਏ
ਦੋ ਸਾਲ ਲਈ 700/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI 42269/83 (PUNPUN00806) • Issue Dated 10-01-2026 • Vol.44 No.02 • M. 90410-14575 • Page 16 E-mail : khetiduniyan1983@gmail.com

# ਸਾਲ 2025 ਵਿੱਚ ਖੇਤੀਬਾੜੀ ਉਤਪਾਦਨ ਰਿਕਾਰਡ ਪੱਧਰ ’ਤੇ ਪਰ ਕਿਸਾਨਾਂ ਦੀ ਆਮਦਨ ਵਿੱਚ ਗਿਰਾਵਟ



ਸਾਲ 2025 ਭਾਰਤੀ ਖੇਤੀਬਾੜੀ ਲਈ ਉਤਪਾਦਨ ਦੇ ਪੱਖੋਂ ਇੱਕ ਇਤਿਹਾਸਕ ਸਾਲ ਰਿਹਾ ਹੈ । ਦੇਸ਼ ਵਿੱਚ ਖੇਤੀਬਾੜੀ ਉਤਪਾਦਨ ਨੇ ਨਵੇਂ ਰਿਕਾਰਡ ਕਾਇਮ ਕੀਤੇ ਹਨ । ਚੌਲਾਂ ਦੇ ਉਤਪਾਦਨ ਵਿੱਚ ਭਾਰਤ ਨੇ ਚੀਨ ਨੂੰ ਪਿੱਛੇ ਛੱਡਦਿਆਂ ਦੁਨੀਆਂ ਦਾ ਸਭ ਤੋਂ ਵੱਡਾ ਚੌਲ ਉਤਪਾਦਕ ਦੇਸ਼ ਬਣਨ ਦਾ ਮਾਣ ਹਾਸਲ ਕੀਤਾ ਹੈ । 150.18 ਮਿਲੀਅਨ ਟਨ ਚੌਲ ਉਤਪਾਦਨ ਦੇ ਨਾਲ ਭਾਰਤ ਪਹਿਲੇ ਸਥਾਨ ’ਤੇ ਹੈ, ਜਦੋਂਕਿ ਚੀਨ 145.28 ਮਿਲੀਅਨ ਟਨ ਨਾਲ ਦੂਜੇ ਨੰਬਰ ’ਤੇ ਹੈ, ਪਰ ਇਸ ਸ਼ਾਨਦਾਰ ਅੰਕੜੇ ਦੇ ਪਿੱਛੇ ਕਿਸਾਨਾਂ ਦੀ ਅਸਲੀ ਹਾਲਤ ਕਾਫ਼ੀ ਦਰਦਨਾਕ ਹੈ । ਵੱਧ ਪੈਦਾਵਾਰ ਦੇ ਬਾਵਜੂਦ ਕਿਸਾਨਾਂ ਦੀ ਆਮਦਨ ਘਟੀ ਹੈ, ਜੋ ਦੇਸ਼ ਦੀ ਖੇਤੀਬਾੜੀ ਨੀਤੀ ’ਤੇ ਗੰਭੀਰ ਸਵਾਲ ਖੜੇ ਕਰਦੀ ਹੈ । ਜ਼ਿਆਦਾ ਮੀਂਹ ਅਤੇ ਹੜ੍ਹ, ਉੱਚ ਉਤਪਾਦਨ ਵਾਲੀਆਂ ਕਿਸਮਾਂ ਅਤੇ ਵੱਡੀ ਸਪਲਾਈ ਕਾਰਨ ਬਾਜ਼ਾਰ ਵਿੱਚ ਫ਼ਸਲਾਂ ਦੇ ਭਾਅ ਡਿਗ ਗਏ । ਕਈ ਸੂਬਿਆਂ ਵਿੱਚ ਕਿਸਾਨਾਂ ਨੂੰ ਆਪਣੀ ਫ਼ਸਲ ਐਮ. ਐਸ. ਪੀ. ਤੋਂ ਵੀ ਘੱਟ ਭਾਅ ’ਤੇ ਵੇਚਣੀ ਪਈ । ਸਾਲ 2025 ਦੌਰਾਨ ਆਲੂ, ਪਿਆਜ਼ ਅਤੇ ਟਮਾਟਰ ਦੇ ਭਾਅ ਵਿੱਚ ਕ੍ਰਮਵਾਰ 34, 38 ਅਤੇ 24 ਫੀਸਦੀ ਤੱਕ ਗਿਰਾਵਟ ਆਈ, ਜਿਸ ਨਾਲ ਸਬਜ਼ੀ ਉਗਾਉਣ ਵਾਲੇ ਕਿਸਾਨਾਂ ਨੂੰ ਭਾਰੀ ਨੁਕਸਾਨ ਹੋਇਆ । ਦਾਲਾਂ ਅਤੇ ਤੇਲ ਵਾਲੇ ਬੀਜਾਂ ਦੀ ਹਾਲਤ ਵੀ ਇਸ ਤੋਂ ਵੱਖਰੀ ਨਹੀਂ ਰਹੀ । ਚੌਲ, ਕਣਕ ਅਤੇ ਦਾਲਾਂ ਦੇ ਉਤਪਾਦਨ ਵਿੱਚ 7.7 ਫੀਸਦੀ ਵਾਧੇ ਨਾਲ 357.73 ਮਿਲੀਅਨ ਟਨ ਤੱਕ ਪਹੁੰਚ ਗਿਆ, ਪਰ ਇਹ ਵਾਧਾ ਕਿਸਾਨਾਂ ਦੀ ਜੇਬ ਤੱਕ ਨਹੀਂ ਪਹੁੰਚ ਸਕਿਆ । ਬਾਗਬਾਨੀ ਖੇਤਰ ਵਿੱਚ ਵੀ 4 ਫੀਸਦੀ ਵਾਧਾ ਦਰਜ ਕੀਤਾ ਗਿਆ, ਪਰ ਕੀਮਤਾਂ ਦੀ ਅਸਥਿਰਤਾ ਨੇ ਲਾਭ ਨੂੰ ਨੁਕਸਾਨ ਵਿੱਚ ਬਦਲ ਦਿੱਤਾ । ਪੰਜਾਬ ਅਤੇ ਹਰਿਆਣਾ ਵਿੱਚ ਹਾਲਾਤ ਹੋਰ ਵੀ ਚਿੰਤਾਜਨਕ ਰਹੇ । ਝੋਨੇ ਦੇ ਝਾੜ ਵਿੱਚ ਕਮੀ ਅਤੇ ਬਾਸਮਤੀ ਦੇ ਭਾਅ ਡਿੱਗਣ ਕਾਰਨ ਕਿਸਾਨਾਂ ਲਈ ਸਾਲ 2025 ਬਹੁਤ ਘਾਟੇ ਵਾਲਾ ਸਾਬਤ ਹੋਇਆ । ਠੇਕੇ ’ਤੇ ਜ਼ਮੀਨ ਲੈ ਕੇ ਖੇਤੀ ਕਰਨ ਵਾਲੇ ਕਿਸਾਨ ਤਾਂ ਆਰਥਿਕ ਤੌਰ ’ਤੇ ਇਸ ਕਦਰ ਟੁੱਟ ਗਏ ਹਨ ਕਿ ਉਨ੍ਹਾਂ ਨੂੰ ਸੰਭਲਣ ਵਿੱਚ ਕਈ ਸਾਲ ਲੱਗ ਸਕਦੇ ਹਨ । ਇਹ ਸਾਰੀ ਸਥਿਤੀ ਸਾਫ਼ ਕਰਦੀ ਹੈ ਕਿ ਸਿਰਫ ਵੱਧ ਪੈਦਾਵਾਰ ਹੀ ਕਿਸਾਨੀ ਸਮੱਸਿਆਵਾਂ ਦਾ ਹੱਲ ਨਹੀਂ। ਕਿਸਾਨਾਂ ਦੀ ਆਮਦਨ ਵਧਾਉਣ ਲਈ ਸਰਕਾਰ ਨੂੰ ਗੰਭੀਰ ਅਤੇ ਲੰਬੇ ਸਮੇਂ ਵਾਲੇ ਕਦਮ ਚੁੱਕਣੇ ਪੈਣਗੇ। ਘੱਟ ਲਾਗਤ, ਵੱਧ ਪੈਦਾਵਾਰ ਅਤੇ ਬਦਲਦੇ ਮੌਸਮ ਨਾਲ ਨਿਭਣ ਵਾਲੀਆਂ ਕਿਸਮਾਂ ਦੀ ਖੋਜ ਦੇ ਨਾਲ-ਨਾਲ ਫ਼ਸਲਾਂ ਦੀ ਮੰਡੀਕਰਨ ਪ੍ਰਣਾਲੀ ਵਿੱਚ ਵੱਡੇ ਸੁਧਾਰਾਂ ਦੀ ਲੋੜ ਹੈ । ਜਦ ਤੱਕ ਕਿਸਾਨ ਨੂੰ ਉਸ ਦੀ ਮਿਹਨਤ ਦਾ ਉਚਿੱਤ ਮੁੱਲ ਨਹੀਂ ਮਿਲਦਾ, ਤਦ ਤੱਕ ਉਤਪਾਦਨ ਦੇ ਸਾਰੇ ਰਿਕਾਰਡ ਵਿਅਰਥ ਹਨ ।

## ਮੱਛੀ ਪਾਲਣ ਵਿਭਾਗ ਵੱਲੋਂ ਸਰਦ ਰੁੱਤ ਵਾਸਤੇ ਮੱਛੀ ਪਾਲਕਾਂ ਲਈ ਐਡਵਾਇਜ਼ਰੀ ਜਾਰੀ

ਮੱਛੀ ਪਾਲਣ ਵਿਭਾਗ ਵੱਲੋਂ ਸਰਦੀ ਦੇ ਮੌਸਮ ਵਿੱਚ ਮੱਛੀ ਪਾਲਕਾਂ ਲਈ ਮਹੱਤਵਪੂਰਨ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ, ਤਾਂ ਕਿ ਵੱਧ ਰਹੀ ਸਰਦੀ ਦੇ ਮੌਸਮ ਦਾ ਮੱਛੀਆਂ ਜਾਂ ਮੱਛੀ ਪਾਲਕਾਂ ਦੇ ਕਾਰੋਬਾਰ ਉੱਪਰ ਕੋਈ ਮਾੜਾ ਪ੍ਰਭਾਵ ਨਾ ਪਵੇ । ਮੱਛੀ ਪਾਲਕਾਂ ਨੂੰ ਸਰਦੀਆਂ ਦੌਰਾਨ ਜਲ-ਜੀਵਾਂ, ਜਿਨ੍ਹਾਂ ਨੂੰ ਸਰਦੀਆਂ ਵਿੱਚ ਵਿਸ਼ੇਸ਼ ਦੇਖਭਾਲ ਦੀ ਲੋੜ ਹੁੰਦੀ ਹੈ, ਦੀ ਸਾਂਭ-ਸੰਭਾਲ ਬਾਰੇ ਜਾਗਰੂਕ ਕਰਦਿਆਂ ਸਹਾਇਕ ਡਾਇਰੈਕਟਰ ਤੇਜਿੰਦਰ ਸਿੰਘ ਨੇ ਕਿਹਾ ਕਿ ਅਕਸਰ ਸਰਦੀ ਦੇ ਦਿਨਾਂ ਵਿੱਚ ਪਾਣੀ ਵਿੱਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ, ਇਸ ਲਈ ਮੱਛੀ ਪਾਲਕ ਸਰਦੀ ਦੇ ਦਿਨਾਂ ਵਿੱਚ ਇਸ ਦੀ ਕਮੀ ਨੂੰ ਪੂਰਾ ਕਰਨ ਲਈ ਸਵੇਰੇ ਤਲਾਬ ਵਿੱਚ ਤਾਜ਼ਾ ਪਾਣੀ ਪਾਉਣ ਜਾਂ ਏਰੀਏਟਰਾਂ ਦੀ ਵਰਤੋਂ ਕਰਨ ਅਤੇ ਤਲਾਬ ਵਿੱਚ ਪਾਣੀ ਦੇ ਪੀ. ਐਚ. ਪੱਧਰ ਦੀ ਨਿਯਮਿਤ ਨਿਗਰਾਨੀ ਰੱਖਣ । ਉਨ੍ਹਾਂ ਮੱਛੀ ਪਾਲਕਾਂ ਨੂੰ ਆਪਣੇ ਫਾਰਮਾਂ ਵਿੱਚ ਆਕਸੀਜਨ ਦੀਆਂ ਗੋਲੀਆਂ ਜਾਂ ਪਾਊਡਰ ਰੱਖਣ ਦੀ ਸਲਾਹ ਵੀ ਦਿੱਤੀ ਹੈ । ਇਸ ਤੋਂ ਇਲਾਵਾ ਸਰਦੀਆਂ ਦੇ ਮੌਸਮ ਦੌਰਾਨ ਫਿਨ ਰੋਟ, ਗਿਲ ਰੋਟ, ਈ. ਯੂ. ਐਸ. ਅਤੇ ਆਰਗੂਲੋਸਿਸ ਵਰਗੀਆਂ ਬਿਮਾਰੀਆਂ ਦੇ ਵਧੇਰੇ ਜ਼ੋਖਮ ਨਾਲ ਪ੍ਰਭਾਵਿਤ ਹੋ ਸਕਣ ਵਾਲੀਆਂ ਮੱਛੀਆਂ ਨੂੰ ਬਚਾਉਣ ਲਈ ਤਲਾਬ ਵਿੱਚ 400 ਮਿਲੀਲੀਟਰ ਪ੍ਰਤੀ ਏਕੜ ਸਾਈਫੈਕਸ ਦੀ ਵਰਤੋਂ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ ।

ਉਨ੍ਹਾਂ ਹੋਰ ਕਿਹਾ ਕਿ ਉਹ ਤਲਾਅ ਵਿੱਚ ਪਾਣੀ ਦਾ ਪੱਧਰ 6 ਤੋਂ 7 ਫੁੱਟ ਦਰਮਿਆਨ ਰੱਖਣ ਨੂੰ ਤਰਜ਼ੀਹ ਦੇਣ ਤਾਂ ਜੋ ਹੇਠਲੇ ਗਰਮ ਜ਼ੋਨ ਵਿੱਚ ਹਾਈਬਰਨੇਸ਼ਨ ਵਾਸਤੇ ਮੱਛੀਆਂ ਨੂੰ ਲੋੜੀਂਦੀ ਜਗ੍ਹਾ ਮੁਹੱਈਆ ਹੋ ਸਕੇ । ਉਨ੍ਹਾਂ ਕਿਹਾ ਕਿ ਮੱਛੀ ਪਾਲਕ ਹੋਰ ਜਾਣਕਾਰੀ ਲਈ ਮੱਛੀ ਪਾਲਣ ਅਫਸਰ ਲਵਪ੍ਰੀਤ ਸਿੰਘ ਦੇ ਮੋਬਾਇਲ ਨੰਬਰ 98556-14842 ’ਤੇ ਸੰਪਰਕ ਕਰ ਸਕਦੇ ਹਨ ।




ਅੰਦਰ ਪੜ੍ਹੋ


ਠੇਕੇ ’ਤੇ ਜ਼ਮੀਨ ਅਤੇ ਮਹਿੰਗੀ ਮਸ਼ੀਨਰੀ


ਹਾੜ੍ਹੀ ਦੀਆਂ ਫ਼ਸਲਾਂ ਨੂੰ ਕੋਰੇ ਦੇ ਮਾਰੂ ਅਸਰ ਤੋਂ ਬਚਾਉਣਾ ਜ਼ਰੂਰੀ



ਕਣਕ ਦੀ ਫ਼ਸਲ ਵਿੱਚ ਚੂਹਿਆਂ ਦੀ ਰੋਕਥਾਮ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ. 96537-9000

ਜਦੋਂ ਕਿਸੇ ਗਲੀ-ਮੁਹੱਲੇ, ਪਿੰਡ-ਸ਼ਹਿਰ ਵਿੱਚ ਕੋਈ ਨਵੀਂ ਚੀਜ਼ ਆਉਂਦੀ ਹੈ ਤਾਂ ਲੋਕ ਵੇਖਣ ਜਾਂਦੇ ਹਨ ਅਤੇ ਉਹ ਚੀਜ਼ ਲੈਣ ਲਈ ਕੋਸ਼ਿਸ਼ ਕਰਦੇ ਹਨ । ਸ਼ਰੀਕੇਬਾਜ਼ੀ ਵਿੱਚ ਇਹ ਵੀ ਨਹੀਂ ਵੇਖਿਆ ਜਾਂਦਾ ਕਿ ਉਸ ਚੀਜ਼ ਦੀ ਲੋੜ ਹੈ ਵੀ ਕਿ ਨਹੀਂ, ਇਹੋ ਗੱਲ ਮਸ਼ੀਨਰੀ ਨਾਲ ਹੋਈ ਜਿਨ੍ਹਾਂ ਦਾ ਛੋਟੇ ਟਰੈਕਟਰਾਂ ਨਾਲ ਸਰਦਾ ਸੀ, ਉਹ ਵੀ ਵੱਡੇ ਟਰੈਕਟਰ ਲੈ ਆਏ । ਟੋਚਨ ਮੁਕਾਬਲਿਆਂ ਨੇ ਵੀ ਵੱਡੇ ਟਰੈਕਟਰਾਂ ਦੀ ਖਰੀਦ ਨੂੰ ਉਤਸ਼ਾਹਿਤ ਕੀਤਾ । ਨਤੀਜਾ ਇਹ ਕਿ ਟਰੈਕਟਰ ਸਾਲ ਵਿੱਚ 500 ਘੰਟੇ ਵੀ ਨਹੀਂ ਚੱਲਦਾ, ਦੂਜੇ ਪਾਸੇ ਇਹ ਵੱਤਰ ਮੌਕੇ ਕਿਰਾਏ 'ਤੇ ਵੀ ਨਹੀਂ ਮਿਲਦਾ ।



# ਠੇਕੇ 'ਤੇ ਜ਼ਮੀਨ ਅਤੇ ਮਹਿੰਗੀ ਮਸ਼ੀਨਰੀ

ਇੱਕ ਰਿਪੋਰਟ ਮੁਤਾਬਕ ਪੰਜਾਬ ਵਿੱਚ ਸਿਰਫ਼ 38 ਫ਼ੀਸਦੀ ਕਿਸਾਨ ਹੀ ਆਪਣੀ ਜ਼ਮੀਨ ਆਪ ਵਾਹੁੰਦੇ ਹਨ, ਜਦਕਿ 59 ਫ਼ੀਸਦੀ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ ਜਾਂ ਫਿਰ ਹਿੱਸੇਦਾਰੀ ਨਾਲ ਖੇਤੀ ਕਰਵਾਉਂਦੇ ਹਨ । ਇਸ ਰਿਪੋਰਟ 'ਤੇ ਵੱਖ-ਵੱਖ ਅਰਥਸ਼ਾਸਤਰੀਆਂ ਨੇ ਟਿੱਪਣੀਆਂ ਕੀਤੀਆਂ ਹਨ, ਸਾਡੇ ਮੌਜੂਦਾ ਫਾਰਮਰ ਤੇ ਫਾਰਮ ਵਰਕਰ ਕਮਿਸ਼ਨ ਦੇ ਚੇਅਰਮੈਨ ਪ੍ਰੋ. ਸੁਖਪਾਲ ਸਿੰਘ ਅਨੁਸਾਰ ਵੱਡੀ ਖੇਤੀ ਮਸ਼ੀਨਰੀ ਪੰਜਾਬ ਦੇ ਅਨੁਕੂਲ ਨਹੀਂ, ਕਿਉਂਕਿ ਪੰਜਾਬ ਵਿੱਚ ਬਹੁਤੇ ਕਿਸਾਨ ਥੋੜ੍ਹੀਆਂ ਜ਼ਮੀਨਾਂ ਵਾਲੇ ਹਨ ਅਤੇ ਮਸ਼ੀਨਰੀ ਦੀ ਵਰਤੋਂ ਲਈ ਉਨ੍ਹਾਂ ਨੂੰ ਜ਼ਮੀਨਾਂ ਹਿੱਸੇ-ਠੇਕੇ 'ਤੇ ਲੈਣੀਆਂ ਪੈਂਦੀਆਂ ਹਨ । ਪਹਿਲਾ ਕਾਰਨ ਐਨ.ਆਰ.ਆਈ. ਵੀਰਾਂ ਲਈ ਆਪਣੀਆਂ ਜ਼ਮੀਨਾਂ ਠੇਕੇ 'ਤੇ ਦੇਣਾ ਮਜ਼ਬੂਰੀ ਬਣ ਗਿਆ ਹੈ, ਜਿਨ੍ਹਾਂ ਵਿਦੇਸ਼ਾਂ ਵਿੱਚ ਜਾ ਕੇ ਸਖ਼ਤ ਮਿਹਨਤ ਕਰਕੇ ਪੰਜਾਬ ਵਿੱਚ ਆਪਣੀਆਂ ਜ਼ਮੀਨਾਂ ਬਣਾਈਆਂ ਹਨ । ਪਰ ਉਨ੍ਹਾਂ ਦੇ ਪਿੱਛੋਂ ਉਸ ਜ਼ਮੀਨ ਨੂੰ ਸਾਂਭਣ ਵਾਲੇ ਪਰਿਵਾਰਕ ਜੀਅ ਉਸਦੀ ਸਾਰੀ ਆਮਦਨ ਆਪ ਹੀ ਰੱਖਣ ਲੱਗ ਪਏ ਹਨ ਅਤੇ ਜ਼ਮੀਨ ਮਾਲਕਾਂ ਨੂੰ ਖਰਚਾ ਵਿਖਾ ਕੇ ਉਨ੍ਹਾਂ ਦੇ ਪੱਲੇ ਕੁੱਝ ਵੀ ਨਹੀਂ ਪਾਉਂਦੇ । ਫਿਰ ਐਨ. ਆਰ. ਆਈਜ਼ ਦੀਆਂ ਜ਼ਮੀਨਾਂ 'ਤੇ ਆਪਣਿਆਂ ਵੱਲੋਂ ਹੀ ਕਬਜ਼ੇ ਹੋਣ ਲੱਗੇ ਤਾਂ ਉਹ ਆਪਣਿਆਂ ਤੋਂ ਜ਼ਮੀਨਾਂ ਛੁਡਾ ਕੇ ਮਜ਼ਬੂਰੀਵੱਸ ਜ਼ਮੀਨਾਂ ਠੇਕੇ 'ਤੇ ਦੇਣ ਲੱਗ ਪਏ ਹਨ । ਦੂਜਾ ਕਾਰਨ ਜ਼ਮੀਨਾਂ ਥੋੜ੍ਹੀਆਂ ਹੋਣ ਕਾਰਨ ਸਾਰਾ ਸਾਲ ਖੇਤੀ ਦਾ ਕੰਮ ਨਹੀਂ ਹੁੰਦਾ ਸੀ ਤਾਂ ਥੋੜ੍ਹੀ ਜ਼ਮੀਨ ਵਾਲੇ ਲੋਕਾਂ ਨੇ ਜ਼ਮੀਨ ਠੇਕੇ 'ਤੇ ਲੈਣੀ ਸ਼ੁਰੂ ਕਰ ਦਿੱਤੀ ਤਾਂ ਕਿ ਘਰ ਦਾ ਗੁਜ਼ਾਰਾ ਵਧੀਆ ਚੱਲ ਸਕੇ । ਕਈ ਲੋਕਾਂ ਨੇ ਠੇਕੇ 'ਤੇ ਜ਼ਮੀਨਾਂ ਲੈ ਕੇ ਇਸ ਤੋਂ ਚੰਗੇ ਘਰ ਬਣਾਏ ਅਤੇ ਆਪਣੇ ਬੱਚੇ ਬਾਹਰ ਵੀ ਭੇਜੇ ਹਨ । ਜਿਨ੍ਹਾਂ ਦੇ ਬੱਚੇ ਪੜ੍ਹ-ਲਿਖ ਕੇ ਨੌਕਰੀ ਲੱਗ ਗਏ ਤਾਂ 2-4 ਕਿੱਲੇ ਦੇ ਮਾਲਕ ਜ਼ਮੀਨਾਂ ਠੇਕੇ 'ਤੇ ਦੇਣ ਲੱਗ ਪਏ ਜਾਂ ਫਿਰ ਵੱਡੀ ਉਮਰ ਦੇ ਕਿਸਾਨ ਮਜ਼ਬੂਰੀ ਵਿੱਚ ਹਿੱਸੇ 'ਤੇ ਖੇਤੀ ਕਰਵਾਉਣ ਲੱਗ ਪਏ । ਦੂਜੇ ਪਾਸੇ ਕੁੱਝ ਲੋਕ ਆਪਣੀ ਜ਼ਮੀਨ ਦੇ ਨਾਲ ਕੁੱਝ ਹੋਰ ਜ਼ਮੀਨ ਠੇਕੇ ਜਾਂ ਹਿੱਸੇ 'ਤੇ ਲੈ ਕੇ ਖੇਤੀ ਕਰ ਲੈਂਦੇ ਹਨ । ਪਿੰਡ ਵਿੱਚ ਜਿਸ ਦੇ ਘਰ ਟਰੈਕਟਰ ਤੇ ਵਾਹੀ ਦੇ ਸੰਦ ਹੋਣ, ਉਨ੍ਹਾਂ ਦੇ ਬੱਚਿਆਂ ਨੂੰ ਰਿਸ਼ਤੇ ਵੀ ਸੌਖੇ ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਇੱਜ਼ਤ ਵੀ ਛੋਟੀ-ਮੋਟੀ ਨੌਕਰੀ ਵਾਲਿਆਂ ਨਾਲੋਂ ਜ਼ਿਆਦਾ ਹੈ । ਮੁੱਕਦੀ ਗੱਲ ਠੇਕੇ ਦੀ ਜ਼ਮੀਨ ਵਿੱਚ ਵੀ ਮਸ਼ੀਨਰੀ ਦਾ ਵੱਡਾ ਯੋਗਦਾਨ ਹੈ ਤੇ ਸਮੀਖਿਆ ਵੀ ਸਭ ਵੱਡੀ ਮਸ਼ੀਨਰੀ ਬਾਰੇ ਹੋ ਰਹੀ ਹੈ । ਇਸ ਲਈ ਆਰਥਿਕ ਤੌਰ 'ਤੇ ਭੁਗਤਣਾ ਵੀ ਕਿਸਾਨਾਂ ਨੂੰ ਹੀ ਪੈਂਦਾ ਹੈ ਅਤੇ ਬਾਅਦ ਵਿੱਚ ਅਰਥਸ਼ਾਸਤਰੀਆਂ ਦੇ ਲਗਾਏ ਦੋਸ਼ ਵੀ ਸੁਣਨੇ ਪੈਂਦੇ ਹਨ ਕਿ ਕਿਸਾਨ ਬੇਲੋੜੀ ਮਸ਼ੀਨਰੀ ਖਰੀਦਦੇ ਹਨ ।

## ਤਬਦੀਲੀ ਕਿੱਥੇ ?

ਸਾਲ 2009 ਦਾ ਵਾਟਰ ਕੰਜ਼ਰਵੇਸ਼ਨ ਐਕਟ ਅਤੇ ਐੱਨ.ਜੀ.ਟੀ. ਦੇ ਹੁਕਮ ਦਾ ਨੁਕਸਾਨ ਕਿਸਾਨਾਂ ਨੂੰ ਤੇ ਫਾਇਦਾ ਸਭ ਨੂੰ ਹੈ । ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਵਾਟਰ ਕੰਜ਼ਰਵੇਸ਼ਨ ਐਕਟ ਤਹਿਤ ਝੋਨਾ 20 ਜੂਨ ਤੋਂ ਪਹਿਲਾਂ ਲਾਉਣ ਦੀ ਮਨਾਹੀ ਹੈ । ਜਿਸ ਦਾ ਮਤਲਬ ਝੋਨਾ ਪਿਛੇਤਾ ਲੱਗਣ ਕਰਕੇ ਪਛੇਤਾ ਪੱਕੇਗਾ ਅਤੇ ਉਦੋਂ ਮਨੁੱਖ ਠੰਡਾ ਹੋ ਜਾਣ ਕਰਕੇ ਪਰਾਲੀ ਸਿੱਲੀ ਰਹਿੰਦੀ ਹੈ ਤੇ ਚੰਗੀ ਤਰ੍ਹਾਂ ਨਾ ਸੜਨ ਕਰਕੇ ਧੂੰਆਂ ਜ਼ਿਆਦਾ ਕਰਦੀ ਹੈ ਅਤੇ ਖੇਤ ਵਿੱਚ ਵਾਹੁਣ ਸਮੇਂ ਛੇਤੀ ਗਲਦੀ ਵੀ ਨਹੀਂ । ਦੂਜਾ, ਕੰਬਾਈਨ ਵਿੱਚੋਂ ਨਿਕਲਣ ਵਾਲਾ ਪਰਾਲੀ ਦਾ ਫੂਸ ਤਵੀਆਂ ਨਹੀਂ ਲੱਗਣ ਦਿੰਦਾ । 2009-10 ਤੋਂ ਪਹਿਲਾਂ ਕੰਬਾਈਨ ਦੇ ਕੱਟੇ ਝੋਨੇ ਦੀ ਪਰਾਲੀ ਦੀਆਂ ਲਾਈਨਾਂ ਸਾੜਨ ਨਾਲ ਚੌਥਾ ਹਿੱਸਾ ਪਰਾਲੀ ਸੜ ਜਾਂਦੀ ਸੀ ਅਤੇ ਬਾਕੀ ਖੜ੍ਹੇ ਕਚਰੇ ਕਰਕੇ ਤਵੀਆਂ ਕੁਤਰ ਦਿੰਦੀਆਂ ਸਨ । ਭਾਵੇਂ ਦਿੱਲੀ ਦੇ ਲੋਕਾਂ ਤੋਂ ਨਵੰਬਰ ਦੇ ਮਹੀਨੇ ਵਿੱਚ ਵੀ ਪ੍ਰਦੂਸ਼ਣ ਠੀਕ ਨਹੀਂ ਹੁੰਦਾ, ਪਰ ਭਾਂਡਾ ਪੰਜਾਬ ਦੇ ਕਿਸਾਨਾਂ ਸਿਰ ਭੰਨਿਆ ਜਾਂਦਾ ਹੈ । ਭਾਵੇਂ ਹਵਾ ਦੇ ਰੁੱਖ ਦੇ ਹਿਸਾਬ ਨਾਲ ਇਹ ਸਿੱਧ ਹੋ ਗਿਆ ਹੈ ਕਿ ਪੰਜਾਬ ਦਾ ਧੂੰਆਂ-ਦਿੱਲੀ ਵੱਲ ਨਹੀਂ ਜਾਂਦਾ । ਪਰ ਪੁਲਿਸ ਦੇ ਪਰਚਿਆਂ ਤੇ ਜਮਾਬੰਦੀਆਂ ਵਿੱਚ ਲਾਲ ਐਂਟਰੀਆਂ ਨੇ ਕਿਸਾਨਾਂ ਨੂੰ ਲੱਖਾਂ-ਕਰੋੜਾਂ ਦੀ ਮਸ਼ੀਨਰੀ ਲੈਣ ਲਈ ਮਜ਼ਬੂਰ ਕਰ ਦਿੱਤਾ ਹੈ, ਜੋ ਸਾਲ ਵਿੱਚ ਹਫ਼ਤਾ 10 ਦਿਨ ਵੀ ਨਹੀਂ ਵਰਤੀ ਜਾਂਦੀ । ਦੂਜੇ ਪਾਸੇ ਕਾਰਪੋਰੇਟਰਾਂ ਨੇ ਸਰਕਾਰ ਤੋਂ ਮਹਿੰਗੀ ਮਸ਼ੀਨਰੀ 'ਤੇ ਸਬਸਿਡੀ ਸ਼ੁਰੂ ਕਰਵਾ ਦਿੱਤੀ ਤਾਂ ਸਬਸਿਡੀ ਦੇ ਲਾਲਚ ਵਿੱਚ ਕਿਸਾਨ ਮਸ਼ੀਨਰੀ ਖਰੀਦਣ ਲੱਗ ਪਏ, ਫਿਰ ਮਸ਼ੀਨਰੀ ਵਾਲਿਆਂ ਰੇਟ ਵਧਾ ਦਿੱਤੇ । ਸਰਕਾਰ ਵੱਲੋਂ ਕੱਢੀ ਇੱਕ ਹੋਰ ਸਕੀਮ ਅਨੁਸਾਰ ਕਿਸੇ ਵੀ ਕੰਪਨੀ ਨੂੰ 30 ਲੱਖ ਦਾ ਟਰੈਕਟਰ ਅਤੇ ਹੋਰ ਖੇਤੀ ਸੰਦ ਖਰੀਦਣ ਲਈ 80 ਫ਼ੀਸਦੀ ਸਬਸਿਡੀ ਦਿੱਤੀ ਜਾਂਦੀ ਹੈ । ਜਦੋਂ ਕਿਸਾਨਾਂ ਦੀਆਂ ਕੰਪਨੀਆਂ ਹੀ ਨਹੀਂ ਹਨ ਤਾਂ ਸਬਸਿਡੀ ਕਿੱਥੇ ਜਾਂਦੀ ਹੈ ? ਦੂਜੇ ਪਾਸੇ ਜਦੋਂ ਸ਼ਰੀਕੇਬਾਜ਼ੀ ਵਿੱਚ ਕਿਸੇ ਵੱਲੋਂ ਵੱਡਾ ਟਰੈਕਟਰ ਲੈ ਲਿਆ ਜਾਂਦਾ ਹੈ ਤਾਂ ਫਿਰ ਤਾਏ-ਚਾਚੇ ਦੇ ਮੁੰਡੇ ਕਿਵੇਂ ਪਿੱਛੇ ਰਹਿ ਸਕਦੇ ਹਨ । ਇਹੋ ਲੜੀ ਚਲੀ ਜਾਂਦੀ ਹੈ ਤੇ ਕਿਸਾਨੀ ਕਰਜ਼ਾ ਵਧੀ ਜਾਂਦਾ ਹੈ । ਸਰਕਾਰਾਂ ਨੇ ਖੇਤੀ ਸੰਬੰਧੀ ਕੋਈ ਨੀਤੀ ਹੀ ਨਹੀਂ ਬਣਾਈ । ਪੰਜਾਬ ਸਰਕਾਰ ਨੇ ਕਈ ਵਾਰ ਕਮੇਟੀਆਂ ਬਣਾਈਆਂ, ਪਰ ਕਦੇ ਕੋਈ ਖੇਤੀ ਨੀਤੀ ਅਪਣਾਈ ਹੀ ਨਹੀਂ ਗਈ । ਖੇਤੀ ਨੀਤੀ ਵਿੱਚ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਪਾਣੀ ਨੂੰ ਸੰਤੁਲਤ ਰੱਖਣ ਲਈ ਝੋਨੇ ਹੇਠ ਕਿੰਨਾ ਰਕਬਾ ਹੋਵੇ । ਮਸ਼ੀਨਰੀ ਦੇ ਸਿਲਸਿਲੇਵਿੱਚ ਸਾਇੰਸਦਾਨਾਂ ਨੇ ਸਿਸਟਮ ਆਧਾਰਿਤ ਹੰਢਣਸਾਰ ਤਕਨੀਕਾਂ ਘੱਟ ਕਰ ਦਿੱਤੀਆਂ ਹਨ । ਪਹਿਲਾਂ ਝੋਨੇ ਵਾਲੀ ਜ਼ਮੀਨ ਦਾ ਕੜ ਤੋੜਨ ਲਈ ਡੂੰਘੀ ਵਹਾਈ ਲਈ ਚਿਸਲਰ ਤੇ ਚੁੰਝੂ ਹੱਲ ਕੱਢੇ ਗਏ । ਫਿਰ ਕਣਕ ਦੀ ਬਿਜਾਈ ਛੇਤੀ ਕਰਨ ਲਈ ਜ਼ੀਰੋ ਟਿੱਲ ਡਰਿੱਲ, ਫਿਰ ਹੈਪੀ ਸੀਡਰ, ਸੁਪਰਸੀਡਰ ਤੇ ਹੁਣ ਸਰਫੇਸ ਸੀਡਰ-ਜਿਸ ਦਾ ਮਤਲਬ ਖੜ੍ਹੀ ਪਰਾਲੀ ਵਿੱਚ ਕਣਕ ਦਾ ਛਿੱਟਾ ਦੇ ਕੇ ਪਾਣੀ ਲਾ ਦਿਓ । ਕੰਬਾਈਨਾਂ 'ਤੇ ਐਸ.ਐਮ.ਐਸ. ਨੇ ਸਮੱਸਿਆ ਵੱਧ ਤੇ ਇਲਾਜ ਘੱਟ ਦਿੱਤਾ ਹੈ । ਦੂਜੇ ਪਾਸੇ ਸਪਰੇਅ ਲਈ ਡਰੋਨ ਛੱਡ ਦਿੱਤੇ ਅਤੇ ਕਿਹਾ ਜਾ ਰਿਹਾ ਹੈ ਕਿ ਇਹ ਫ਼ਸਲਾਂ ਦੀਆਂ ਬਿਮਾਰੀਆਂ ਬਾਰੇ ਵੀ ਜਾਣਕਾਰੀ ਦੇਣਗੇ । ਕਿੱਲੇ-ਕਿੱਲੇ ਵਾਲੇ ਕਿਸਾਨ ਨੂੰ ਡਰੋਨਾਂ ਦੀ ਕੀ ਲੋੜ ਹੈ ? ਸਰਕਾਰ ਨੇ ਸਬਸਿਡੀ ਦੇ ਕੇ ਇਹ ਵੀ ਲੋਕਾਂ ਦੇ ਗਲ ਮੜ੍ਹ ਦੇਣੇ ਹਨ ।



## ਸਮਾਜਿਕ ਅਸਰ

ਜਦੋਂ ਕਿਸੇ ਗਲੀ-ਮੁਹੱਲੇ, ਪਿੰਡ-ਸ਼ਹਿਰ ਵਿੱਚ ਕੋਈ ਨਵੀਂ ਚੀਜ਼ ਆਉਂਦੀ ਹੈ ਤਾਂ ਲੋਕ ਵੇਖਣ ਜਾਂਦੇ ਹਨ ਅਤੇ ਉਹ ਚੀਜ਼ ਲੈਣ ਲਈ ਕੋਸ਼ਿਸ਼ ਕਰਦੇ ਹਨ । ਸ਼ਰੀਕੇਬਾਜ਼ੀ ਵਿੱਚ ਇਹ ਵੀ ਨਹੀਂ ਵੇਖਿਆ ਜਾਂਦਾ ਕਿ ਉਸ ਚੀਜ਼ ਦੀ ਲੋੜ ਹੈ ਵੀ ਕਿ ਨਹੀਂ, ਇਹੋ ਗੱਲ ਮਸ਼ੀਨਰੀ ਨਾਲ ਹੋਈ ਜਿਨ੍ਹਾਂ ਦਾ ਛੋਟੇ ਟਰੈਕਟਰਾਂ ਨਾਲ ਸਰਦਾ ਸੀ, ਉਹ ਵੀ ਵੱਡੇ ਟਰੈਕਟਰ ਲੈ ਆਏ । ਟੋਚਨ ਮੁਕਾਬਲਿਆਂ ਨੇ ਵੀ ਵੱਡੇ ਟਰੈਕਟਰਾਂ ਦੀ ਖਰੀਦ ਨੂੰ ਉਤਸ਼ਾਹਿਤ ਕੀਤਾ । ਨਤੀਜਾ ਇਹ ਕਿ ਟਰੈਕਟਰ ਸਾਲ ਵਿੱਚ 500 ਘੰਟੇ ਵੀ ਨਹੀਂ ਚੱਲਦਾ, ਦੂਜੇ ਪਾਸੇ ਇਹ ਵੱਤਰ ਮੌਕੇ ਕਿਰਾਏ 'ਤੇ ਵੀ ਨਹੀਂ ਮਿਲਦਾ ।

## ਕਾਰਪੋਰੇਟ ਕਿਵੇਂ ਫਾਇਦਾ ਉਠਾਉਂਦੇ ਹਨ

ਪੱਛਮੀ ਦੇਸ਼ਾਂ ਨੇ ਕੋਲਾ, ਡੀਜ਼ਲ ਤੇ ਪੈਟਰੋਲ ਬਾਲ ਕੇ ਆਪ ਤਾਂ ਤਰੱਕੀ ਕਰ ਲਈ ਹੁਣ ਜਦੋਂ ਸਾਡੀ ਵਾਰੀ ਆਈ ਤਾਂ ਵਾਤਾਵਰਨ ਦਾ ਜਿੰਨ ਸਾਡੇ ਮਗਰ ਛੱਡ ਦਿੱਤਾ ਕਿ ਬ੍ਰਹਿਮੰਡ ਦਾ ਤਾਪਮਾਨ ਵੱਧ ਰਿਹਾ ਹੈ । ਖਣਿਜ ਬਾਲਣ ਨਾ ਬਾਲੋ ਇਸ ਦੇ ਨਾਲ ਗ੍ਰੀਨਹਾਊਸ ਗੈਸਾਂ ਵੱਧਦੀਆਂ ਹਨ, ਜਿਸ ਨਾਲ ਓਜ਼ੋਨ ਦੀ ਪਰਤ ਘੱਟਦੀ ਹੈ । ਸਾਇੰਸਦਾਨਾਂ ਨੇ ਦੁਨੀਆ ਦੀ ਹਰ ਖੋਜ ਸਾਡੇ ਗੱਲ ਮੜ੍ਹ ਦਿੱਤੀ । ਇੱਥੋਂ ਤੱਕ ਕਿ ਝੋਨਾ ਲਾਉਣ ਨਾਲ ਮੀਥੇਨ ਪੈਦਾ ਹੁੰਦੀ ਹੈ, ਪਸ਼ੂ ਵੀ ਤਾਂ ਮੀਥੇਨ ਛੱਡਦੇ ਹਨ । ਹੁਣ ਦੱਸੋ ਚੌਲ ਖਾਓ ਨਾ, ਕਣਕ ਦੀ ਗਲੂਟਨ ਹਾਜ਼ਮਾ ਖਰਾਬ ਕਰਦੀ ਹੈ । ਪਸ਼ੂ ਮੀਥੇਨ ਛੱਡਦੇ ਹਨ (ਫਿਰ ਚਾਹ ਵਿੱਚ ਦੁੱਧ ਨਾ ਪਾਓ)। ਮੁੱਖ ਤੌਰ 'ਤੇ ਅਸੀਂ ਸ਼ਾਕਾਹਾਰੀ ਹਾਂ ਫਿਰ ਕਿਸ ਦੇ ਆਸਰੇ ਜੀਵੀਏ, 19 ਕਰੋੜ ਲੋਕ ਤਾਂ ਪਹਿਲਾਂ ਹੀ ਇੱਕ ਡੰਗ ਦੀ ਰੋਟੀ ਖਾਂਦੇ ਹਨ ਅਤੇ 80 ਕਰੋੜ 5 ਕਿਲੋ ਅਨਾਜ 'ਤੇ ਪਲਦੇ ਹਨ । ਜ਼ਰਾ ਸੋਚੋ ਕਿ ਸਾਡੇ ਵਰਗਾ ਘੱਟ ਉੱਨਤ ਦੇਸ਼ (ਆਈ.ਐਮ.ਐੱਫ. ਦੀ ਰਿਪੋਰਟ) 3.5 ਕਰੋੜ ਵਾਹਨ ਕਿਵੇਂ ਸਕਰੈਪ ਕਰ ਸਕਦਾ ਹੈ । ਆਸਟ੍ਰੇਲੀਆ ਤੋਂ ਆਉਣ ਵਾਲਾ ਕੋਲਾ ਥਰਮਲ ਪਲਾਂਟਾਂ ਵਿੱਚ ਬਾਲਣਾ ਜ਼ਰੂਰੀ ਕੀਤਾ ਹੋਇਆ ਹੈ, ਪਰ ਤੇਲ ਵਾਲੇ ਵਹੀਕਲ ਬੰਦ ਕੀਤੇ ਜਾ ਰਹੇ ਹਨ । ਕੀ ਕੋਲੇ ਦੀ ਦਰਾਮਦ ਤੇ ਵਿਦੇਸ਼ੀ ਮੁਦਰਾ ਨਹੀਂ ਲੱਗਦੀ । ਅਸੀਂ ਵਾਤਾਵਰਨ ਬਚਾਈਏ ਤਾਂ ਕਿ ਕਾਰਪੋਰੇਟ ਸਾਡੇ ਸਿਰ 'ਤੇ ਐਸ਼ ਕਰਦੇ ਰਹਿਣ ।

## ਨਿਚੋੜ

ਅੱਜ ਪਾਣੀ ਕਰਕੇ ਜਾਂ ਕੇਂਦਰ ਵੱਲੋਂ ਖ਼ਰੀਦ ਸੰਬੰਧੀ ਪੈਦਾ ਕੀਤੇ ਮੱਸਲੇ ਕਰਕੇ ਕਾਸ਼ਤ ਸੰਬੰਧੀ ਖੇਤੀ ਨੀਤੀ ਵਿੱਚ ਕੋਈ ਤਬਦੀਲੀ ਆਉਂਦੀ ਹੈ ਤਾਂ ਸਾਡੀ ਅਰਬਾਂ ਰੁਪਏ ਦੀ ਪਰਾਲੀ ਸਾਂਭਣ ਵਾਲੀ ਮਸ਼ੀਨਰੀ ਬੇਕਾਰ ਹੋ ਜਾਵੇਗੀ । ਨਰਮੇ ਵਾਲੀ ਮਸ਼ੀਨਰੀ ਪਹਿਲਾਂ ਹੀ ਅਸੀਂ ਕਬਾੜ ਵਿੱਚ ਵੇਚ ਚੁੱਕੇ ਹਾਂ । ਮਸ਼ੀਨਰੀ ਉੱਪਰ ਪੈਸਾ ਸੋਚ-ਸਮਝ ਦੇ ਲਗਾਓ । ਸਾਡਾ ਸੂਬਾ ਤੇ ਦੇਸ਼ ਦੋਵੇਂ ਹੀ ਕਰਜ਼ੇ ਹੇਠ ਹੋਣ ਕਾਰਨ ਸਾਡੀਆਂ ਨੀਤੀਆਂ 'ਤੇ ਅੰਦਰੋਂ ਤੇ ਬਾਹਰੋਂ ਦੋਵੇਂ ਪਾਸਿਓਂ ਹੀ ਦਬਾਅ ਪੈਂਦਾ ਹੈ ।



# ਹਾੜ੍ਹੀ ਦੀਆਂ ਫ਼ਸਲਾਂ ਨੂੰ ਕੋਰੇ ਦੇ ਮਾਰੂ ਅਸਰ ਤੋਂ ਬਚਾਉਣਾ ਜ਼ਰੂਰੀ

**ਹਰਲੀਨ ਕੌਰ, ਕੁਲਵਿੰਦਰ ਕੌਰ ਗਿੱਲ,**
ਜਲਵਾਯੂ ਪਰਿਵਰਤਨ ਤੇ ਖੇਤੀ ਮੌਸਮ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ

**ਕੋਰੇ ਕਾਰਨ ਗੰਨੇ ਦੇ ਪੁੰਗਰਨ ਦੀ ਦਰ ਘੱਟ ਜਾਂਦੀ ਹੈ । ਇਸ ਲਈ ਗੰਨੇ ਦੀਆਂ ਉਨ੍ਹਾਂ ਕਿਸਮਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ, ਜਿਹੜੀਆਂ ਕੋਰੇ ਦਾ ਟਾਕਰਾ ਕਰਨ ਦੇ ਸਮਰੱਥ ਹੋਣ ਅਤੇ ਫ਼ਸਲ ਨੂੰ ਕੋਰੇ ਦੀ ਮਾਰ ਤੋਂ ਬਚਾਉਣ ਲਈ ਦਸੰਬਰ ਤੇ ਜਨਵਰੀ ਦੌਰਾਨ ਹਲਕਾ ਪਾਣੀ ਦਿੰਦੇ ਰਹੋ ।**

ਸਾਲ ਦਰ ਸਾਲ ਮੌਸਮੀ ਹਾਲਾਤ ਵਿੱਚ ਬਦਲਾਅ ਪਿਛਲੇ 2-3 ਦਹਾਕਿਆਂ ਵਿੱਚ ਜ਼ਿਆਦਾ ਦੇਖਣ ਨੂੰ ਮਿਲਿਆ ਹੈ । ਜੇਕਰ ਆਫ਼ਤਾਂ ਦੀ ਗੱਲ ਕਰੀਏ ਤਾਂ ਕੋਰਾ ਵੀ ਇੱਕ ਅਜਿਹੀ ਕੁਦਰਤੀ ਆਫ਼ਤ ਹੈ, ਜਿਸ ਕਾਰਨ ਫ਼ਸਲਾਂ ਖ਼ਾਸ ਕਰਕੇ ਸਬਜ਼ੀਆਂ ਦਾ ਭਾਰੀ ਨੁਕਸਾਨ ਹੁੰਦਾ ਹੈ । ਭਾਰਤ ਦੇ ਉੱਤਰ-ਪੱਛਮੀ ਖੇਤਰਾਂ ਵਿੱਚ ਦਸੰਬਰ ਤੇ ਜਨਵਰੀ ਵਿੱਚ ਵਾਪਰਣ ਵਾਲੀ ਇਹ ਆਮ ਅਲਾਮਤ ਹੈ । ਸਤ੍ਹਾ ਤੋਂ ਉੱਪਰ ਹਵਾ ਦੇ ਤਾਪਮਾਨ ਦਾ ਕੋਰੇ ਦੇ ਪੈਣ ਜਾਂ ਨਾ ਪੈਣ 'ਤੇਕੋਈ ਪ੍ਰਭਾਵ ਨਹੀਂ ਪੈਂਦਾ । ਕੋਰਾ ਪੈਣ ਲਈ ਸਤ੍ਹਾ ਦਾ ਤਾਪਮਾਨ ਪਾਣੀ ਦੇ ਜੰਮਣ ਦੇ ਤਾਪਮਾਨ ਦੇ ਬਰਾਬਰ ਜਾਂ ਇਸ ਤੋਂ ਘੱਟ ਹੋਣਾ ਚਾਹੀਦਾ ਹੈ ।

**ਹਲਕਾ ਕੋਰਾ** : 1.7 ਡਿਗਰੀ ਸੈਲਸੀਅਸ ਤੋਂ 0.1 ਡਿਗਰੀ ਸੈਲਸੀਅਸ । ਇਸ ਵਿੱਚ ਨਾਜ਼ੁਕ ਬੂਟੇ ਮਰ ਜਾਂਦੇ ਹਨ ਪਰ ਬਾਕੀ ਬਨਸਪਤੀ ਦਾ ਬਹੁਤਾ ਨੁਕਸਾਨ ਨਹੀਂ ਹੁੰਦਾ ।

**ਦਰਮਿਆਨੀ ਕਰੜੇ ਦਾ ਕੋਰਾ** : 3.9 ਡਿਗਰੀ ਸੈਲਸੀਅਸ ਤੋਂ 2.2 ਡਿਗਰੀ ਸੈਲਸੀਅਸ । ਜ਼ਿਆਦਾਤਰ ਬਨਸਪਤੀ ਦਾ ਕਾਫ਼ੀ ਨੁਕਸਾਨ ਹੋ ਜਾਂਦਾ ਹੈ । ਫ਼ਲਾਂ ਦੇ ਬੂਟਿਆਂ ਨੂੰ ਪੈਣ ਵਾਲੇ ਬੂਰ, ਨਾਜ਼ੁਕ ਅਤੇ ਅੱਧ-ਸਖ਼ਤ ਬੂਟਿਆਂ 'ਤੇ ਇਸ ਦਾ ਬਹੁਤ ਮਾਰੂ ਪ੍ਰਭਾਵ ਪੈਂਦਾ ਹੈ ।

**ਗੰਭੀਰ ਕੋਰਾ** : 4.4 ਡਿਗਰੀ ਸੈਲਸੀਅਸ ਤੇ ਇਸ ਤੋਂ ਘੱਟ । ਜ਼ਿਆਦਾਤਰ ਬੂਟਿਆਂ ਦਾ ਭਾਰੀ ਨੁਕਸਾਨ ਹੁੰਦਾ ਹੈ ।

## ਕੋਰੇ ਦਾ ਫ਼ਸਲਾਂ 'ਤੇ ਪ੍ਰਭਾਵ

ਤਾਪਮਾਨ ਦੇ 10-12 ਡਿਗਰੀ ਸੈਲਸੀਅਸ ਤੋਂ ਹੇਠਾਂ ਡਿਗਣ ਨਾਲ ਹਾੜ੍ਹੀ ਰੁੱਤ ਦੀਆਂ ਫ਼ਸਲਾਂ ਦਾ ਭਾਰੀ ਨੁਕਸਾਨ ਹੁੰਦਾ ਹੈ । ਫ਼ਸਲਾਂ ਦਾ ਕਿੰਨਾ ਕੁ ਨੁਕਸਾਨ ਹੁੰਦਾ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤਾਪਮਾਨ ਕਿੰਨਾ ਹੇਠਾਂ ਡਿਗੇਗਾ, ਕੋਰਾ ਕਿੰਨੇ ਦਿਨ ਤੇ ਕਿੰਨਾ ਪੈਂਦਾ ਹੈ ਅਤੇ ਫ਼ਸਲ ਦੇ ਵਿਕਾਸ ਦੇ ਪੜਾਅ ਸਮੇਂ ਤਾਪਮਾਨ ਵਿੱਚ ਕਿੰਨੀ ਗਿਰਾਵਟ ਆਉਂਦੀ ਹੈ । ਉੱਤਰੀ ਭਾਰਤ ਦੇ ਰਾਜਾਂ ਜਿਵੇਂ ਕਿ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਸਾਉਣੀ ਰੁੱਤ ਦੌਰਾਨ ਵਧੇਰੇ ਕੋਰਾ ਪੈਂਦਾ ਹੈ । ਕੋਰੇ ਕਾਰਨ ਹਾੜ੍ਹੀ ਰੁੱਤ ਦੀਆਂ ਫ਼ਸਲਾਂ ਜਿਵੇਂ ਕਿ ਆਲੂ, ਮਟਰ, ਟਮਾਟਰ ਤੇ ਸ਼ਿਮਲਾ ਮਿਰਚਾਂ ਭੂਰੇ ਰੰਗ ਦੀਆਂ ਹੋ ਜਾਂਦੀਆਂ ਹਨ, ਜਿਸ ਨੂੰ 'ਫ਼ਸਲ ਦਾ ਸਾੜਾ' ਵੀ ਕਹਿੰਦੇ ਹਨ । ਸ਼ਿਵਾਲਿਕ ਪਹਾੜੀਆਂ ਨਾਲ ਲੱਗਦੇ ਪੰਜਾਬ ਦੇ ਹਿੱਸਿਆਂ ਵਿੱਚ ਦਸੰਬਰ 2022 ਤੋਂ ਜਨਵਰੀ 2023 ਦਰਮਿਆਨ ਸੀਤ ਲਹਿਰ ਤੇ ਕੋਰੇ ਕਾਰਨ ਬਾਗ਼ਬਾਨੀ ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ । ਇਸ ਦੌਰਾਨ ਅੰਬ ਦੀ 40 ਤੋਂ 100%, ਲੀਚੀ ਦੀ 50-80% ਫ਼ਸਲ ਨੁਕਸਾਨੀ ਗਈ ਅਤੇ ਫ਼ਲਾਂ ਦਾ ਆਕਾਰ ਛੋਟਾ ਰਹਿ ਗਿਆ । ਇਸ ਤੋਂ ਇਲਾਵਾ ਅਮਰੂਦ, ਬੇਰ ਤੇ ਕਿੰਨੂ ਦੇ ਫ਼ਲਾਂ ਦੀ ਗੁਣਵੱਤਾ ਵੀ ਘੱਟ ਗਈ ।

## ਕੋਰੇ ਤੋਂ ਬਚਾਅ ਦੇ ਢੰਗ

**ਗੰਨਾ** : ਕੋਰੇ ਕਾਰਨ ਗੰਨੇ ਦੇ ਪੁੰਗਰਨ ਦੀ ਦਰ ਘੱਟ ਜਾਂਦੀ ਹੈ । ਇਸ ਲਈ ਗੰਨੇ ਦੀਆਂ ਉਨ੍ਹਾਂ ਕਿਸਮਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ, ਜਿਹੜੀਆਂ ਕੋਰੇ ਦਾ ਟਾਕਰਾ ਕਰਨ ਦੇ ਸਮਰੱਥ ਹੋਣ ਅਤੇ ਫ਼ਸਲ ਨੂੰ ਕੋਰੇ ਦੀ ਮਾਰ ਤੋਂ ਬਚਾਉਣ ਲਈ ਦਸੰਬਰ ਤੇ ਜਨਵਰੀ ਦੌਰਾਨ ਹਲਕਾ ਪਾਣੀ ਦਿੰਦੇ ਰਹੋ ।

ਢੁੱਕਵੀਆਂ ਖਾਦਾਂ, ਸਿੰਚਾਈ ਤੇ ਬੂਟਿਆਂ ਦੀ ਸੁਰੱਖਿਆ ਦੇ ਹੋਰ ਉਪਰਾਲੇ ਵਰਤ ਕੇ ਸਿਹਤਮੰਦ ਫ਼ਸਲ ਉਗਾਓ, ਕਿਉਂਕਿ ਕਮਜ਼ੋਰ ਅਤੇ ਛੋਟੀ ਫ਼ਸਲ 'ਤੇ ਕੋਰੇ ਅਤੇ ਠੰਢ ਦਾ ਅਸਰ ਵਧੇਰੇ ਹੁੰਦਾ ਹੈ । ਜਿਹੜੀਆਂ ਫ਼ਸਲਾਂ ਡਿੱਗ ਜਾਂਦੀਆਂ ਹਨ, ਉਨ੍ਹਾਂ 'ਤੇ ਕੋਰੇ ਦਾ ਬਹੁਤ ਜ਼ਿਆਦਾ ਅਸਰ ਹੁੰਦਾ ਹੈ । ਇਸ ਲਈ ਫ਼ਸਲ ਨੂੰ ਡਿੱਗਣ ਤੋਂ ਬਚਾਉਣਾ ਚਾਹੀਦਾ ਹੈ ।

**ਬਰਸੀਮ** : ਬਹੁਤ ਜ਼ਿਆਦਾ ਠੰਢ ਤੇ ਕੋਰੇ ਵਾਲੇ ਦਿਨਾਂ ਵਿੱਚ ਬਰਸੀਮ ਦਾ ਵਾਧਾ ਰੁਕ ਜਾਂਦਾ ਹੈ । ਰਾਜਿਆਂ ਵਿੱਚ ਜੇਕਰ ਲੋੜ ਹੋਵੇ ਤਾਂ ਫੁੱਲ ਆਉਣ 'ਤੇ ਦੂਜੀ ਸਿੰਜਾਈ ਦਿੱਤੀ ਜਾ ਸਕਦੀ ਹੈ । ਜੇਕਰ ਫ਼ਸਲ ਨੂੰ ਕੋਰੇ ਦੇ ਨੁਕਸਾਨ ਦਾ ਖ਼ਤਰਾ ਹੋਵੇ ਤਾਂ ਦੂਜਾ ਪਾਣੀ ਸਮੇਂ ਤੋਂ ਪਹਿਲਾਂ ਵੀ ਦਿੱਤਾ ਜਾ ਸਕਦਾ ਹੈ ।

**ਅੰਬ** : ਅੰਬ ਦੇ ਬੂਟਿਆਂ ਨੂੰ ਠੰਢ ਦੌਰਾਨ ਕੋਰੇ ਤੋਂ ਬਚਾਉਣ ਲਈ ਸਰਕੰਡੇ ਦਾ ਆਸਰਾ ਕਰਨਾ ਚਾਹੀਦਾ ਹੈ ।


**ਲੀਚੀ** : ਲੀਚੀ ਦੇ ਵੱਧ ਰਹੇ ਬੂਟਿਆਂ ਨੂੰ 4-5 ਸਾਲ ਤੱਕ ਕੋਰੇ ਦੇ ਪ੍ਰਕੋਪ ਤੋਂ ਬਚਾ ਕੇ ਰੱਖਣਾ ਚਾਹੀਦਾ ਹੈ । ਕੋਰੇ ਤੋਂ ਬਚਾਉਣ ਲਈ ਬੂਟਿਆਂ ਨੂੰ ਸਰਕੰਡੇ ਨਾਲ ਢੱਕ ਕੇ ਰੱਖੋ । ਲੀਚੀ ਦੇ ਬੂਟਿਆਂ ਦੇ ਆਲੇ-ਦੁਆਲੇ ਢੈਂਚੇ ਦੀ ਕਾਸ਼ਤ ਕਰਨ ਨਾਲ ਇਨ੍ਹਾਂ ਬੂਟਿਆਂ ਨੂੰ ਠੰਢ ਤੋਂ ਸੰਭਾਲਿਆ ਜਾ ਸਕਦਾ ਹੈ ।

**ਕੇਲਾ** : ਜਿਨ੍ਹਾਂ ਦਿਨਾਂ ਵਿੱਚ ਕੋਰਾ ਹੁੰਦਾ ਹੈ, ਉਨ੍ਹਾਂ ਦਿਨਾਂ ਵਿੱਚ ਕੇਲੇ ਦੇ ਬੂਟਿਆਂ ਨੂੰ ਥੋੜ੍ਹਾ-ਥੋੜ੍ਹਾ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ, ਤਾਂ ਕਿ ਬੂਟੇ ਨੁਕਸਾਨ ਤੋਂ ਬਚੇ ਰਹਿਣ । ਇਸ ਤੋਂ ਇਲਾਵਾ ਧੂੰਆਂ ਕਰਕੇ ਵੀ ਕੇਲੇ ਦੇ ਬੂਟਿਆਂ ਨੂੰ ਕੋਰੇ ਤੋਂ ਬਚਾਇਆ ਜਾ ਸਕਦਾ ਹੈ ।

**ਪਪੀਤਾ** : ਪਪੀਤੇ ਦੇ ਬੂਟੇ ਕੋਰੇ ਤੇ ਠੰਢੇ ਹਾਲਾਤ ਦਾ ਟਾਕਰਾ ਕਰਨ ਦੇ ਸਮਰੱਥ ਨਹੀਂ ਹੁੰਦੇ, ਇਸ ਲਈ ਪਪੀਤੇ ਦੀ ਕਾਸ਼ਤ ਚੰਗੀ ਜਲ ਨਿਕਾਸ ਵਾਲੀ ਮਿੱਟੀ ਅਤੇ ਉਸ ਖੇਤਰ ਵਿੱਚ ਕਰਨੀ ਚਾਹੀਦੀ ਹੈ, ਜਿੱਥੇ ਕੋਰਾ ਨਾ ਪੈਂਦਾ ਹੋਵੇ । ਕੋਰੇ ਤੋਂ ਬਚਾਉਣ ਲਈ ਨਵੰਬਰ ਤੋਂ ਫਰਵਰੀ ਦੇ ਮਹੀਨਿਆਂ ਦੌਰਾਨ ਪਪੀਤੇ ਦੇ ਵੱਧ ਰਹੇ ਬੂਟਿਆਂ ਨੂੰ ਪਲਾਸਟਿਕ ਦੀਆਂ ਸ਼ੀਟਾਂ, ਸਰਕੰਡੇ ਜਾਂ ਪਰਾਲੀ ਆਦਿ ਨਾਲ ਢੱਕ ਕੇ ਰੱਖਣਾ ਚਾਹੀਦਾ ਹੈ ।

ਸਰਦੀਆਂ ਦੇ ਫ਼ਲ/ਸਬਜ਼ੀਆਂ ਜਿਵੇਂ ਕਿ ਤਰਬੂਜ਼, ਕਰੇਲਾ, ਘੀਆ, ਤੋਰੀ, ਪੇਠਾ, ਖੀਰਾ, ਟਮਾਟਰ, ਬੈਂਗਣ, ਮਿਰਚਾਂ, ਮਟਰ, ਆਲੂ ਆਦਿ 'ਤੇ ਵੀ ਠੰਢ ਦਾ ਮਾੜਾ ਪ੍ਰਭਾਵ ਪੈ ਸਕਦਾ ਹੈ । ਇਸ ਲਈ ਕੋਰੇ ਤੋਂ ਬਚਾਉਣ ਲਈ ਇਨ੍ਹਾਂ ਨੂੰ ਸਮੇਂ-ਸਮੇਂ 'ਤੇ ਅਤੇ ਖ਼ਾਸ ਤੌਰ 'ਤੇ ਛੰਗਾਈ ਮਗਰੋਂ ਥੋੜ੍ਹਾ-ਥੋੜ੍ਹਾ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ । ਸਿੰਜਾਈ ਤੋਂ ਪਹਿਲਾਂ ਮਿੱਟੀ ਪਰਖ ਦੇ ਆਧਾਰ 'ਤੇ ਨਾਈਟ੍ਰੋਜਨ ਖਾਦਾਂ ਦੀ ਵਰਤੋਂ ਕਰਕੇ ਨਵੇਂ ਬੂਟਿਆਂ ਦੇ ਵਾਧੇ ਨੂੰ ਵਧਾਇਆ ਜਾ ਸਕਦਾ ਹੈ । ਇਸ ਤੋਂ ਇਲਾਵਾ ਬੂਟਿਆਂ ਨੂੰ ਸਰਕੰਡੇ, ਪਲਾਸਟਿਕ ਦੀਆਂ ਸ਼ੀਟਾਂ ਆਦਿ ਨਾਲ ਢੱਕ ਕੇ ਕੋਰੇ ਦੇ ਪ੍ਰਕੋਪ ਤੋਂ ਬਚਾਇਆ ਜਾ ਸਕਦਾ ਹੈ । ਕੋਰੇ ਵਾਲੀਆਂ ਰਾਤਾਂ ਦੌਰਾਨ ਬੂਟਿਆਂ ਨੂੰ ਗਿੱਲਾ ਨਹੀਂ ਕਰਨਾ ਚਾਹੀਦਾ । ਜੇ ਜ਼ਰੂਰਤ ਪਵੇ ਤਾਂ ਸਪਰਿੰਕਲਰ ਦੀ ਵਰਤੋਂ ਕਰਨੀ ਚਾਹੀਦੀ ਹੈ । ਕੋਰੇ ਕਾਰਨ ਫ਼ਸਲਾਂ ਦੇ ਹੋਣ ਵਾਲੇ ਬਹੁਤ ਵਧੇਰੇ ਨੁਕਸਾਨ ਨੂੰ ਮੱਦੇਨਜ਼ਰ ਰੱਖਦੇ ਹੋਏ ਸਾਵਧਾਨੀਆਂ ਰੱਖਣੀਆਂ ਚਾਹੀਦੀਆਂ ਹਨ, ਤਾਂ ਜੋ ਫ਼ਸਲਾਂ ਨੂੰ ਕੋਰੇ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਇਆ ਜਾ ਸਕੇ ਅਤੇ ਕੋਰੇ ਕਾਰਨ ਹੋਣ ਵਾਲੇ ਸੰਭਾਵਿਤ ਨੁਕਸਾਨ ਤੋਂ ਬਚਾਇਆ ਜਾ ਸਕੇ ।

ਨਤੀਜੇ ਇਹ ਦਰਸਾਉਂਦੇ ਹਨ ਕਿ ਉੱਤਰ ਪੱਛਮੀ ਖੇਤਰ ਵਿੱਚ ਠੰਢ ਦੇ ਦਿਨਾਂ ਵਿੱਚ ਕਮੀ ਆਈ ਹੈ, ਜਿਸ ਕਾਰਨ ਲੁਧਿਆਣਾ ਵਿੱਚ ਹੋਣ ਵਾਲੇ ਖੇਤਰੀ ਜਲਵਾਯੂ ਪਰਿਵਰਤਨ ਦਾ ਪਤਾ ਚਲਦਾ ਹੈ । ਮੌਸਮ ਦੀਆਂ ਮਾਰੂ ਘਟਨਾਵਾਂ ਕਾਰਨ ਇਸ ਦੇ ਵਿਨਾਸ਼ਕਾਰੀ ਪ੍ਰਭਾਵਾਂ ਤੋਂ ਲਗਾਤਾਰ ਚੌਕਸ ਰਹਿਣ ਦੀ ਲੋੜ ਹੈ । ਇਸ ਲਈ ਸਰਗਰਮ ਤੇ ਅਨੁਕੂਲਿਤ ਸੁਰੱਖਿਆ ਉਪਾਅ ਕਰਨੇ ਚਾਹੀਦੇ ਹਨ । ਕੋਰੇ ਕਾਰਨ ਫ਼ਸਲਾਂ ਨੂੰ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਲਈ, ਮਾੜੇ ਮੌਸਮ ਕਾਰਨ ਖੇਤੀ ਅਰਥਚਾਰੇ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਕੋਰਾ ਪੈਣ ਦੇ ਸਮੇਂ ਬਾਰੇ ਪਹਿਲਾਂ ਤੋਂ ਅਨੁਮਾਨ ਲਗਾਉਣਾ ਅਤੇ ਇਸ ਨਾਲ ਨਜਿੱਠਣ ਲਈ ਸਥਾਨਕ ਪੱਧਰ 'ਤੇ ਰਣਨੀਤੀ ਤਿਆਰ ਕਰਨਾ ਬਹੁਤ ਹੀ ਲਾਜ਼ਮੀ ਹੈ ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 02
ਮਿਤੀ 10-01-2026

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ


## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।


Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਅਰਾਵਲੀ ਹੀ ਨਹੀਂ, ਹੋਰ ਪਹਾੜ ਵੀ ਬਚਾਉਣ ਦੀ ਲੋੜ


### ਪੈਸੇ ਦੀ ਭੁੱਖ ਤੇ ਲਾਲਚ

ਇਨ੍ਹਾਂ ਦੋਹਾਂ ਦਾ ਬੜਾ ਗੂੜ੍ਹਾ ਸੰਬੰਧ ਹੈ, ਇਹ ਦੋਵੇਂ ਇਕੱਠੇ ਹੋ ਕੇ ਸਾਡੀ ਬੁੱਧੀ ਨੂੰ ਇਸ ਤਰ੍ਹਾਂ ਭ੍ਰਿਸ਼ਟ ਕਰਦੇ ਹਨ ਕਿ ਸਾਨੂੰ ਅਹਿਸਾਸ ਹੀ ਨਹੀਂ ਹੁੰਦਾ ਕਿ ਅਸੀਂ ਆਪਣੇ ਪੈਰੀਂ ਖੁਦ ਕੁਹਾੜਾ ਮਾਰ ਰਹੇ ਹਾਂ । ਭਾਰਤ ਦੇ ਉੱਤਰ ਵਿੱਚ ਜੇਕਰ ਹਿਮਾਲਿਆ ਨਾ ਹੁੰਦਾ ਤਾਂ ਕੀ ਹੁੰਦਾ, ਇਸ ਦੀ ਕਲਪਨਾ ਤੱਕ ਨਹੀਂ ਕੀਤੀ ਜਾ ਸਕਦੀ । ਇਸੇ ਤਰ੍ਹਾਂ ਵਿੰਧਿਆਚਲ, ਸਤਪੁੜਾ, ਪੂਰਬੀ ਤੇ ਪੱਛਮੀ ਘਾਟ ਦੇ ਪਹਾੜ ਅਤੇ ਸਭ ਤੋਂ ਪੁਰਾਣੇ ਅਰਾਵਲੀ ਪਹਾੜ ਦੀਆਂ ਲੜੀਆਂ ਨੇ ਸਿਰਫ਼ ਦੇਸ਼ ਦੀ ਰੱਖਿਆ ਹੀ ਨਹੀਂ ਕੀਤੀ, ਸਗੋਂ ਬੇਅੰਤ ਦੌਲਤ ਇਕੱਠੀ ਕਰਨ ਦਾ ਸਾਧਨ ਵੀ ਬਣੇ ਹਨ । ਜਦੋਂ ਲਾਲਚ ਦੀ ਕੋਈ ਹੱਦ ਨਾ ਰਹੇ ਅਤੇ ਕਮਾਉਣ 'ਤੇ ਕੋਈ ਰੋਕ ਨਾ ਹੋਵੇ ਤਾਂ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਤੇ ਲੁੱਟ ਸ਼ੁਰੂ ਹੋ ਜਾਂਦੀ ਹੈ, ਜਿਸ ਦਾ ਨਤੀਜਾ ਪ੍ਰਦੂਸ਼ਣ, ਸੋਕਾ, ਬਹੁਤ ਜ਼ਿਆਦਾ ਬਾਰਿਸ਼ ਕਾਰਨ ਹੜ੍ਹ ਵਰਗੀਆਂ ਆਫ਼ਤਾਂ ਦੇ ਰੂਪ ਵਿੱਚ ਨਿਕਲਦਾ ਹੈ । ਮਾਣਯੋਗ ਸੁਪਰੀਮ ਕੋਰਟ ਵਲੋਂ ਆਪਣੇ ਹੀ ਫ਼ੈਸਲੇ ਨੂੰ ਵਾਪਸ ਲੈਣਾ ਕੋਈ ਆਮ ਗੱਲ ਨਹੀਂ ਹੈ, ਕਿਉਂਕਿ ਇਸ ਨਾਲ ਖੋਖਲੇ ਹੋ ਰਹੇ ਪਹਾੜ ਤੇ ਉਨ੍ਹਾਂ ਦੀ ਗੋਦ ਵਿੱਚ ਪਲ ਰਹੇ ਅਣਗਿਣਤ ਜੀਵ-ਜੰਤੂਆਂ ਨੇ ਰਾਹਤ ਦਾ ਸਾਹ ਲਿਆ ਹੋਵੇਗਾ, ਨਹੀਂ ਤਾਂ ਉਨ੍ਹਾਂ ਦਾ ਅੰਤ ਨਿਸ਼ਚਿਤ ਸੀ । ਇਸ ਨੂੰ ਪਿਛਲੇ ਸਾਲ ਦਾ ਸਭ ਤੋਂ ਵੱਡਾ ਤੋਹਫ਼ਾ ਮੰਨਿਆ ਜਾਣਾ ਚਾਹੀਦਾ ਹੈ । ਆਮ ਵਿਅਕਤੀ ਲਈ ਇੰਨਾ ਸਮਝਣਾ ਕਾਫ਼ੀ ਹੈ ਕਿ ਐਨ.ਸੀ.ਆਰ. ਵਿੱਚ ਸਾਲ ਭਰ ਰਹਿਣ ਵਾਲੇ ਹਵਾ ਪ੍ਰਦੂਸ਼ਣ ਦਾ ਇੱਕ ਵੱਡਾ ਕਾਰਨ ਇਹੀ ਹੈ, ਕਿਉਂਕਿ ਪਹਾੜੀਆਂ ਕੱਟਣ ਨਾਲ ਮਿੱਟੀ ਤੇ ਧੂੜ ਦੇ ਉੱਠਦੇ ਬੱਦਲਾਂ ਕਾਰਨ ਅਸਮਾਨ ਦੇ ਢਕੇ ਜਾਣ ਨਾਲ ਹੇਠਾਂ ਜ਼ਮੀਨ 'ਤੇ ਸਾਹ ਲੈਣ ਯੋਗ ਤਾਜ਼ੀ ਹਵਾ ਦੀ ਮਾਤਰਾ ਘੱਟ ਜਾਂਦੀ ਹੈ । ਇਹ ਸੋਚ ਕੇ ਕੰਬਣੀ ਛਿੜ ਜਾਂਦੀ ਹੈ ਕਿ ਖਣਨ ਦਾ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਹਾਲਤ ਕੀ ਹੁੰਦੀ ਹੋਵੇਗੀ ? ਟਰੱਕਾਂ ਤੋਂ ਨਿਕਲਦਾ ਜ਼ਹਿਰੀਲਾ ਧੂੰਆਂ ਤੇ ਧੂੜ ਭਰੇ ਕਣ ਅਜਿਹੀ ਤਬਾਹੀ ਮਚਾਉਂਦੇ ਹਨ ਕਿ ਮੌਤ ਕਦੋਂ ਬਿਨਾਂ ਬੁਲਾਏ ਜਾਂ ਛੋਟੀ ਉਮਰ ਵਿੱਚ ਆ ਜਾਵੇ, ਕੋਈ ਨਹੀਂ ਜਾਣਦਾ । ਇਸ ਦੀ ਤੁਲਨਾ ਅਕਸਰ ਸਿਗਰਟਾਂ ਪੀਣ ਨਾਲ ਨਿਕਲਦੇ ਧੂੰਏਂ ਨਾਲ ਕੀਤੀ ਜਾਂਦੀ ਹੈ, ਪਰ ਸੱਚਾਈ ਇਹ ਹੈ ਕਿ ਸਥਿਤੀ ਉਸ ਤੋਂ ਵੀ ਭਿਆਨਕ ਹੈ । ਵਾਤਾਵਰਨ ਪ੍ਰੇਮੀਆਂ, ਭੂ-ਵਿਗਿਆਨੀਆਂ ਤੇ ਹੋਰ ਪੀੜਤਾਂ ਦੀ ਗੱਲ ਨੂੰ ਨਜ਼ਰਅੰਦਾਜ਼ ਕਰਨਾ ਠੀਕ ਨਹੀਂ ਹੈ ਤੇ ਢੁਕਵੇਂ ਉਪਾਅ ਕਰਦਿਆਂ ਜੇਕਰ ਕੁੱਝ ਠੇਕੇਦਾਰਾਂ ਤੇ ਪੂੰਜੀਪਤੀਆਂ ਦੇ ਲਾਲਚ 'ਤੇ ਸਖ਼ਤ ਪਾਬੰਦੀਆਂ ਨਾ ਲਗਾਈਆਂ ਗਈਆਂ ਤਾਂ ਇਹ ਤਬਾਹੀ ਜਾਰੀ ਰਹੇਗੀ ।

> **ਭਾਰਤ ਕੁਦਰਤੀ ਸਰੋਤਾਂ ਵਿੱਚ ਇੰਨਾ ਅਮੀਰ ਤੇ ਸੁੰਦਰ ਹੈ ਕਿ ਦੁਨੀਆ ਦੇ ਬਹੁਤੇ ਦੇਸ਼ ਇਸੇ ਕਾਰਨ ਸਾਡੇ ਨਾਲ ਈਰਖਾ ਕਰਦੇ ਹਨ ਅਤੇ ਸਰਾਪ ਦਿੰਦੇ ਹਨ ਕਿ ਕੁਦਰਤ ਭਾਰਤ ਦਾ ਸਭ ਕੁੱਝ ਤਬਾਹ ਕਰ ਦੇਵੇ ।**

### ਵਿਨਾਸ਼ ਦੀ ਕਹਾਣੀ

ਪਹਾੜੀਆਂ ਦੀ ਇਹ ਕਟਾਈ ਥਾਰ ਮਾਰੂਥਲ ਤੱਕ ਪਹੁੰਚ ਨੂੰ ਆਸਾਨ ਬਣਾਉਂਦੀ ਹੈ । ਮਾਹਰਾਂ ਅਨੁਸਾਰ ਉੱਤਰ ਤੋਂ ਬੇਰੋਕ ਚੱਲਣ ਵਾਲੀਆਂ ਠੰਢੀਆਂ ਹਵਾਵਾਂ ਪ੍ਰਦੂਸ਼ਣ ਤੇ ਸਰਦੀਆਂ ਮਿਲ ਕੇ ਇਨ੍ਹਾਂ ਖੇਤਰਾਂ ਵਿੱਚ ਇੱਕ ਅਜਿਹਾ ਦ੍ਰਿਸ਼ ਪੈਦਾ ਕਰਦੀਆਂ ਹਨ, ਜੋ ਉਨ੍ਹਾਂ ਆਪਣੇ ਜੀਵਨ ਕਾਲ ਵਿੱਚ ਕਦੇ ਨਹੀਂ ਦੇਖਿਆ । ਜ਼ਿਕਰਯੋਗ ਹੈ ਕਿ ਅਰਾਵਲੀ ਪਰਬਤਮਾਲਾ ਉੱਤਰ-ਪੱਛਮੀ ਭਾਰਤ ਦੇ ਵਾਤਾਵਰਨ ਦੀ ਰੀੜ੍ਹ ਦੀ ਹੱਡੀ ਵਾਂਗ ਹੈ, ਇਹ ਸਿਰਫ਼ ਭਾਰਤ ਵਿੱਚ ਹੀ ਨਹੀਂ ਸਗੋਂ ਦੁਨੀਆ ਵਿੱਚ ਸਭ ਤੋਂ ਪੁਰਾਣੀਆਂ ਪਹਾੜੀਆਂ ਵਿੱਚੋਂ ਇੱਕ ਹੈ । ਅਰਾਵਲੀ ਪਰਬਤਮਾਲਾ ਦਿੱਲੀ, ਹਰਿਆਣਾ, ਰਾਜਸਥਾਨ ਤੇ ਗੁਜਰਾਤ ਦੇ ਵੱਡੇ ਖੇਤਰਾਂ ਨੂੰ ਘੇਰਦੀ ਹੈ, ਜੋ ਕਈ ਨਦੀਆਂ, ਜੰਗਲੀ ਜੀਵਾਂ, ਰੁੱਖਾਂ, ਜੈਵ ਵਿਭਿੰਨਤਾ ਤੇ ਭੂਮੀਗਤ ਪਾਣੀ ਨੂੰ ਰੀਚਾਰਜ ਕਰਨ ਦੀ ਕੁਦਰਤੀ ਯੋਗਤਾ ਦਾ ਘਰ ਹੈ । ਇਹ ਲਗਾਤਾਰ ਵੱਧ ਰਹੇ ਮਾਰੂਥਲ ਦੇ ਵਿਰੁੱਧ ਇੱਕ ਅਭੇਦ ਕੰਧ ਵਾਂਗ ਖੜ੍ਹੀ ਹੈ । ਇਸ ਨੂੰ ਧਿਆਨ ਵਿੱਚ ਰੱਖਦੇ ਹੋਏ 1,600 ਕਿਲੋਮੀਟਰ ਲੰਬਾ ਗ੍ਰੀਨ ਕੋਰੀਡੋਰ ਪ੍ਰੋਜੈਕਟ 'ਗ੍ਰੇਟ ਗ੍ਰੀਨ ਵਾਲ ਆਫ਼ ਅਰਾਵਲੀ' ਬਣਾਇਆ ਗਿਆ ਤੇ ਇੱਥੇ 135 ਕਰੋੜ ਰੁੱਖ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ । ਇਹ ਖੇਤਰ ਰਾਜਪੂਤ ਮਾਣ ਤੇ ਸ਼ਾਨ ਦਾ ਪ੍ਰਤੀਕ ਹੈ । ਮੰਦਰ ਤੇ ਕਿਲ੍ਹੇ ਇਸ ਦੀ ਖਾਸੀਅਤ ਅਤੇ ਸੰਗਮਰਮਰ, ਜ਼ਿੰਕ ਤੇ ਤਾਂਬਾ ਵਰਗੇ ਖਣਿਜ ਇਸ ਦੀ ਪਛਾਣ ਹਨ । ਇਹ ਠੀਕ ਹੈ ਕਿ ਆਧੁਨਿਕ ਭਾਰਤ ਲਈ ਟਰਾਂਸਪੋਰਟ ਦੇ ਸਾਧਨਾਂ ਦੀ ਆਵਾਜਾਈ ਲਈ ਸੜਕਾਂ ਦਾ ਨਿਰਮਾਣ ਜ਼ਰੂਰੀ ਹੈ, ਪਰ ਸਵਾਲ ਇਹ ਹੈ ਕਿ, ਕੀ ਇਸ ਲਈ ਜੰਗਲਾਂ ਦੀ ਕਟਾਈ ਜਾਇਜ਼ ਹੈ ? ਕੀ ਰੁੱਖਾਂ ਦੀ ਕਟਾਈ ਇਸ ਲਈ ਠੀਕ ਹੈ, ਕਿਉਂਕਿ ਸਾਨੂੰ ਘਰ ਬਣਾਉਣ ਲਈ ਜ਼ਮੀਨ ਤੇ ਸਜਾਵਟ ਲਈ ਲੱਕੜ ਦੀ ਲੋੜ ਹੈ ?



ਉੱਤਰਾਖੰਡ ਤੇ ਹਿਮਾਚਲ ਪ੍ਰਦੇਸ਼ ਵਿੱਚ ਹੁਣ ਪਹਿਲਾਂ ਵਰਗੀਆਂ ਵਾਤਾਵਰਨਿਕ ਸਥਿਤੀਆਂ ਨਹੀਂ ਰਹੀਆਂ; ਉੱਤਰ-ਪੂਰਬੀ ਭਾਰਤ ਦੇ ਸੂਬੇ ਆਪਣੀ ਕੁਦਰਤੀ ਸੁੰਦਰਤਾ ਤੇ ਸਰੋਤਾਂ ਨੂੰ ਗੁਆਉਂਦੇ ਜਾ ਰਹੇ ਹਨ । ਹੁਣ ਬਰਫ਼ਬਾਰੀ, ਬਾਰਿਸ਼ ਤੇ ਦਰਿਆਈ ਪਾਣੀ ਦਾ ਵਧਣਾ ਤੇ ਘਟਣਾ ਕੁਦਰਤੀ ਨਹੀਂ ਰਿਹਾ, ਇੰਝ ਲੱਗਦਾ ਹੈ ਕਿ ਬੇਮੌਸਮੀ ਬਾਰਿਸ਼ ਤੇ ਬਰਫ਼ਦਾਰੀ ਜਿਵੇਂ ਸਾਡੇ ਕੁਦਰਤ ਨਾਲ ਕੀਤੇ ਖਿਲਵਾੜ ਦਾ ਬਦਲਾ ਲੈ ਕੇ ਇਨਸਾਨ ਨੂੰ ਉਸ ਦੀ ਔਕਾਤ ਦਿਖਾ ਰਹੀਆਂ ਹੋਣ । ਪਿਛਲੇ ਸਾਲਾਂ ਵਿੱਚ ਬੱਦਲ ਫਟਣ ਤੇ ਜ਼ਮੀਨ ਖਿਸਕਣ ਜਿਹੀਆਂ ਵਾਪਰੀਆਂ ਘਟਨਾਵਾਂ ਅਣਹੋਣੀਆਂ ਨਹੀਂ, ਸਗੋਂ ਜਲ, ਜੰਗਲ ਤੇ ਜ਼ਮੀਨ ਨੂੰ ਹੱੜਪਣ ਦੀ ਸਾਜਿਸ਼ ਦਾ ਨਤੀਜਾ ਹਨ ।

### ਲੋੜ ਤੇ ਲਾਲਚ ਵਿੱਚ ਅੰਤਰ

ਜਦੋਂ ਅਸੀਂ ਆਪਣੀਆਂ ਨਦੀਆਂ ਦੇ ਪ੍ਰਦੂਸ਼ਿਤ ਹੋਣ ਬਾਰੇ ਚਿੰਤਤ ਹੁੰਦੇ ਹਾਂ ਤਾਂ ਸਰਕਾਰ ਉਨ੍ਹਾਂ ਨੂੰ ਸਾਫ਼ ਕਰਨ ਲਈ ਸੈਂਕੜੇ ਕਰੋੜ ਰੁਪਏ ਖਰਚ ਕਰ ਦਿੰਦੀ ਹੈ, ਪਰ ਉਹ ਫਿਰ ਵੀ ਸਾਫ਼ ਨਹੀਂ ਰਹਿੰਦੀਆਂ । ਸਿੱਧੀ ਗੱਲ ਇਹ ਹੈ ਕਿ ਜਿੰਨਾ ਚਿਰ ਪਹਾੜਾਂ ਤੇ ਪਹਾੜੀਆਂ ਤੋਂ ਗੈਰ-ਕਾਨੂੰਨੀ ਖਣਨ (ਮਾਈਨਿੰਗ) ਜਾਰੀ ਰਹੇਗੀ ਤਾਂ ਨਦੀਆਂ ਵਿੱਚ ਮਿੱਟੀ ਇਕੱਠੀ ਹੁੰਦੀ ਰਹੇਗੀ ਅਤੇ ਹੜ੍ਹਾਂ ਦਾ ਕਹਿਰ ਨਹੀਂ ਰੁਕੇਗਾ । ਜਦੋਂ ਜ਼ਰੂਰਤ ਲਾਲਚ ਬਣ ਜਾਵੇ ਤਾਂ ਅਜਿਹਾ ਹੀ ਹੁੰਦਾ ਹੈ, ਕਿਉਂਕਿ ਕੁਦਰਤ ਨਾਲ ਖਿਲਵਾੜ ਕਰਕੇ ਉਠਾਇਆ ਲਾਭ ਲੰਬੇ ਸਮੇਂ ਵਿੱਚ ਪਛਤਾਵਾ ਬਣ ਜਾਂਦਾ ਹੈ । ਜਿਹੜੇ ਲੋਕ ਸੱਚਾਈ ਤੋਂ ਵਾਕਫ਼ ਹੋਣ ਦੇ ਬਾਵਜੂਦ ਸ਼ਹਿਰਾਂ ਦੀ ਉਸਾਰੀ ਤੇ ਉਦਯੋਗਿਕ ਵਿਕਾਸ ਲਈ ਪਹਾੜਾਂ ਤੇ ਜੰਗਲਾਂ ਨੂੰ ਖ਼ਤਮ ਕਰ ਦੇਣਾ ਚਾਹੁੰਦੇ ਹਨ, ਉਨ੍ਹਾਂ ਨੂੰ ਯਾਦ ਰੱਖਣਾ ਹੋਵੇਗਾ ਕਿ ਜੇਕਰ ਸੰਤੁਲਨ ਬਣਾ ਕੇ ਟਿਕਾਊ ਵਿਕਾਸ ਦੇ ਅਭਿਆਸਾਂ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਸਿਰਫ਼ ਬੁਨਿਆਦੀ ਢਾਂਚੇ ਦੇ ਖੇਤਰ ਨੂੰ ਹੀ ਲਾਭ ਨਹੀਂ ਹੋਵੇਗਾ, ਸਗੋਂ ਰੁਜ਼ਗਾਰ ਵੀ ਵੱਧੇਗਾ । ਜੋ ਆਧੁਨਿਕ ਪੀੜ੍ਹੀ ਲਈ ਵਰਦਾਨ ਸਾਬਤ ਹੋਵੇਗਾ । ਇਸ ਲਈ ਸਿਰਫ਼ ਅਰਾਵਲੀ ਪਹਾੜਾਂ ਨੂੰ ਹੀ ਨਹੀਂ, ਸਗੋਂ ਦੇਸ਼ ਦੀਆਂ ਸਾਰੀਆਂ ਪਹਾੜੀ ਸ਼੍ਰੇਣੀਆਂ ਨੂੰ ਬਣਾਉਣ ਲਈ ਇੱਕ ਮੁਹਿੰਮ ਚਲਾਉਣੀ ਚਾਹੀਦੀ ਹੈ । ਜੇਕਰ ਕੋਈ ਇਸ ਦਾ ਵਿਰੋਧ ਕਰੇ ਤਾਂ ਉਨ੍ਹਾਂ ਦੇ ਸਾਹਮਣੇ ਇੱਕ ਮਨੁੱਖੀ ਪਿੰਜਰ ਰੱਖੋ ਅਤੇ ਕਹੋ ਕਿ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਦਾ ਜੀਵਨ ਇਸੇ ਤਰ੍ਹਾਂ ਦਾ ਹੋ ਸਕਦਾ ਹੈ । ਅਜਿਹਾ ਨਹੀਂ ਹੈ ਕਿ ਪਹਾੜਾਂ ਤੇ ਜੰਗਲਾਂ ਨੂੰ ਲੋੜ ਅਨੁਸਾਰ ਕੱਟਣ, ਵੱਢਣ ਲਈ ਨੀਤੀਆਂ ਜਾਂ ਕਾਨੂੰਨ ਨਹੀਂ ਹਨ; ਇਹ ਸਭ ਮੌਜੂਦ ਹਨ, ਪਰ ਇਹ ਸਿਰਫ਼ ਸਜਾਵਟੀ ਤੇ ਬੰਦ ਕਿਤਾਬ ਦੇ ਪੰਨਿਆਂ ਵਿੱਚ ਕੈਦ ਹਨ । ਜਿਹੜੇ ਖੇਤਰ ਰੁੱਖਾਂ ਤੇ ਉਨ੍ਹਾਂ 'ਤੇ ਚਹਿਕਦੇ ਪੰਛੀਆਂ ਦੀਆਂ ਆਵਾਜ਼ਾਂ ਨਾਲ ਗੂੰਜਿਆ ਕਰਦੇ ਸਨ, ਅੱਜ ਉੱਥੇ ਸਿਰਫ਼ ਸਫਾਚੱਟ ਮੈਦਾਨ ਹਨ । ਕੁਦਰਤ ਦੇ ਇਸ ਕਤਲ ਲਈ ਕੌਣ ਜ਼ਿੰਮੇਵਾਰ ਹੈ ? ਕੀ ਉਨ੍ਹਾਂ ਨੂੰ ਸਜ਼ਾ ਦੇਣ ਲਈ ਕੋਈ ਕਾਨੂੰਨ ਹੈ, ਘੱਟੋ-ਘੱਟ ਅਜੇ ਤੱਕ ਤਾਂ ਨਹੀਂ ? ਅਰਾਵਲੀ ਪਹਾੜੀਆਂ ਦੇ ਵਿੱਚੋਂ ਲੰਘਣਾ ਕਦੇ ਬਹੁਤ ਰਾਹਤ ਤੇ ਸ਼ਾਂਤੀ ਭਰਿਆ ਹੁੰਦਾ ਸੀ, ਪਰ ਹੁਣ ਬਿਨਾਂ ਕਿਸੇ ਰੁਕਾਵਟ ਦੇ ਖੁੱਲ੍ਹੇ ਅਸਮਾਨ ਤੋਂ ਸੂਰਜ ਦੀਆਂ ਸਿੱਧੀਆਂ ਕਿਰਨਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਜੇਕਰ ਮੀਂਹ ਪੈ ਜਾਂਦਾ ਹੈ ਤਾਂ ਚਿੱਕੜ ਤੇ ਦਲਦਲ ਜਿਹਾ ਮਾਹੌਲ ਬਣ ਜਾਂਦਾ ਹੈ । ਜ਼ਰਾ ਸੋਚੋ, ਜੇਕਰ ਇਹ ਵਰਤਮਾਨ ਹੈ ਤਾਂ ਆਉਣ ਵਾਲਾ ਕੱਲ੍ਹ ਕਿਹੋ ਜਿਹਾ ਹੋਵੇਗਾ ?

**- ਪੂਰਨ ਚੰਦ ਸਰੀਨ**

ਬੀ. ਕੇ. ਬੱਬਰ, ਰਾਜਵਿੰਦਰ ਸਿੰਘ ਅਤੇ ਤੇਜਦੀਪ ਸਿੰਘ ਕਲੇਰ, ਜੀਵ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 99156-36711)



# ਕਣਕ ਦੀ ਫ਼ਸਲ ਵਿੱਚ ਚੂਹਿਆਂ ਦੀ ਰੋਕਥਾਮ



**ਕਣਕ ਪੰਜਾਬ ਦੀ ਮੁੱਖ ਅਨਾਜ ਫ਼ਸਲ ਹੈ। ਕਈ ਤਰ੍ਹਾਂ ਦੇ ਕੀੜੇ-ਮਕੌੜੇ ਅਤੇ ਬਿਮਾਰੀਆਂ ਕਣਕ ਦੇ ਝਾੜ ਨੂੰ ਘਟਾਉਂਦੇ ਹਨ, ਜਿਹਨਾਂ ਵਿੱਚ ਚੂਹੇ ਵੀ ਮੁੱਖ ਹਨ।**

### ਚੂਹਿਆਂ ਦੀਆਂ ਕਿਸਮਾਂ

ਪੰਜਾਬ ਵਿੱਚ ਮੁੱਖ ਤੌਰ 'ਤੇ ਢਕੀਆਂ ਖੁੱਡਾਂ ਵਾਲਾ ਚੂਹਾ, ਭੂਰਾ ਚੂਹਾ, ਨਰਮ ਚਮੜੀ ਵਾਲਾ ਚੂਹਾ ਅਤੇ ਖੇਤਾਂ ਦੀ ਚੂਹੀ ਖੇਤਾਂ ਵਿੱਚ ਨੁਕਸਾਨ ਕਰਦੇ ਹਨ ਅਤੇ ਘਰਾਂ ਦਾ ਚੂਹਾ ਤੇ ਘਰਾਂ ਦੀ ਚੂਹੀ ਘਰਾਂ ਜਾਂ ਮੁਰਗੀਖਾਨਿਆਂ ਵਿੱਚ ਨੁਕਸਾਨ ਕਰਦੇ ਹਨ।

### ਚੂਹਿਆਂ ਦੁਆਰਾ ਨੁਕਸਾਨ

ਚੂਹੇ ਵੱਖ-ਵੱਖ ਫ਼ਸਲਾਂ ਵਿੱਚ 2-15% ਤੱਕ ਨੁਕਸਾਨ ਕਰਦੇ ਹਨ। ਗੋਦਾਮਾਂ ਵਿੱਚ ਭੰਡਾਰ ਕੀਤੇ ਅਨਾਜ ਨੂੰ ਚੂਹੇ 5-10% ਤੱਕ ਖਾ ਕੇ ਨੁਕਸਾਨ ਕਰਨ ਤੋਂ ਇਲਾਵਾ ਦਾਣਿਆਂ ਵਿੱਚ ਮਲ-ਮੂਤਰ ਕਰਕੇ ਇਹਨਾਂ ਦਾ ਨੁਕਸਾਨ ਕਰਦੇ ਹਨ।

### ਜ਼ਹਿਰਾਂ ਦੀ ਵਰਤੋਂ ਤੋਂ ਬਿਨਾਂ ਚੂਹਿਆਂ ਦੀ ਰੋਕਥਾਮ :

★ ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਉਹ ਖੇਤਾਂ ਵਿੱਚ ਪੁਰਾਣੀਆਂ ਵੱਟਾਂ, ਖਾਲ ਅਤੇ ਪਗਡੰਡੀਆਂ ਵਗੈਰਾ ਜਿਹਨਾਂ ਵਿੱਚ ਚੂਹਿਆਂ ਦੀਆਂ ਖੁੱਡਾਂ ਜ਼ਿਆਦਾ ਹੁੰਦੀਆਂ ਹਨ, ਕੁਝ ਸਮੇਂ ਬਾਅਦ ਢਾਹ ਕੇ ਨਵੀਆਂ ਬਣਾਉਣ।

★ ਖੇਤਾਂ ਵਿਚਲੀਆਂ ਵੱਟਾਂ ਜ਼ਿਆਦਾ ਉੱਚੀਆਂ ਅਤੇ ਚੌੜੀਆਂ ਨਾ ਬਣਾਉਣ।

★ ਨਦੀਨ, ਘਾਹ ਅਤੇ ਝਾੜੀਆਂ ਆਦਿ ਚੂਹਿਆਂ ਨੂੰ ਲੁਕਣ ਵਿੱਚ ਸਹਾਇਤਾ ਕਰਦੀਆਂ ਹਨ ਅਤੇ ਔਖੇ ਸਮੇਂ ਵਿੱਚ ਉਹਨਾਂ ਦੇ ਭੋਜਨ ਦਾ ਬਦਲ ਬਣਦੀਆਂ ਹਨ। ਇਸ ਲਈ ਕਿਸਾਨ ਵੀਰਾਂ ਨੂੰ ਨਦੀਨਾਂ ਦੀ ਰੋਕਥਾਮ ਸਮੇਂ-ਸਮੇਂ ਸਿਰ ਕਰਨੀ ਚਾਹੀਦੀ ਹੈ।

★ ਖੇਤਾਂ ਦੇ ਆਸ-ਪਾਸ ਅਣਵਾਹੀਆਂ ਜ਼ਮੀਨਾਂ, ਰੇਲਵੇ ਲਾਈਨਾਂ, ਨਹਿਰਾਂ, ਸੜਕਾਂ ਆਦਿ ਦੇ ਨਾਲ ਲੱਗਦੇ ਖੇਤਾਂ ਜਾਂ ਸ਼ਾਮਲਾਟ ਜ਼ਮੀਨਾਂ ਵਿੱਚ ਚੂਹੇ ਬਹੁਤ ਖੁੱਡਾਂ ਬਣਾਉਂਦੇ ਹਨ, ਇਸ ਲਈ ਇਹਨਾਂ ਥਾਵਾਂ ਉੱਤੇ ਚੂਹਿਆਂ ਦੀ ਰੋਕਥਾਮ ਜ਼ਰੂਰ ਕਰਨੀ ਚਾਹੀਦੀ ਹੈ।

★ ਰੌਣੀ ਕਰਨ ਵੇਲੇ ਚੂਹਿਆਂ ਦੀਆਂ ਖੁੱਡਾਂ ਵਿੱਚ ਪਾਣੀ ਭਰਨ ਨਾਲ ਬਾਹਰ ਆਉਂਦੇ ਚੂਹਿਆਂ ਨੂੰ ਸੋਟੀ ਨਾਲ ਮਾਰ ਦੇਣਾ ਚਾਹੀਦਾ ਹੈ।

★ ਡਿੱਗੀਆਂ ਫ਼ਸਲਾਂ ਜਿਵੇਂ ਕਿ ਕਮਾਦ ਆਦਿ ਨੂੰ ਚੂਹੇ ਜ਼ਿਆਦਾ ਨੁਕਸਾਨ ਕਰਦੇ ਹਨ, ਇਸ ਲਈ ਫ਼ਸਲਾਂ ਨੂੰ ਡਿੱਗਣ ਤੋਂ ਬਚਾਉਣਾ ਚਾਹੀਦਾ ਹੈ।

★ ਅਸੀਂ ਲੱਕੜ ਦੀ ਕੁੜਿੱਕੀ ਜਾਂ ਲੋਹੇ ਦਾ ਦੋ ਮੂੰਹਾਂ ਵਾਲਾ ਪਿੰਜਰਾ, ਜਿਸ ਨਾਲ ਇੱਕ ਵਾਰ ਵਿੱਚ ਕਾਫ਼ੀ ਚੂਹੇ ਫੜੇ ਜਾ ਸਕਦੇ ਹਨ, ਨੂੰ 16 ਪਿੰਜਰੇ/ਏਕੜ ਲਗਾ ਕੇ ਚੂਹੇ ਫੜ ਸਕਦੇ ਹਾਂ, ਜਿਨ੍ਹਾਂ ਨੂੰ ਬਾਅਦ ਵਿੱਚ ਪਾਣੀ ਵਿੱਚ ਡੁਬੋ ਕੇ ਮਾਰ ਦੇਣਾ ਚਾਹੀਦਾ ਹੈ। ਇੱਕ ਥਾਂ ਤੋਂ ਲਗਾਤਾਰ 3-4 ਦਿਨ ਚੂਹੇ ਫੜਨੇ ਚਾਹੀਦੇ ਹਨ ਅਤੇ ਪਿੰਜਰਿਆਂ ਦੀ ਜਗ੍ਹਾ ਬਦਲ ਦੇਣੀ ਚਾਹੀਦੀ ਹੈ। ਯਾਦ ਰੱਖੋ ਚੂਹਾ ਫੜਨ ਤੋਂ ਬਾਅਦ ਪਿੰਜਰੇ ਨੂੰ ਧੋਣਾ ਨਾ ਭੁੱਲੋ।

★ ਕੁੱਤੇ, ਬਿੱਲੀ, ਉੱਲੂ, ਸੱਪ, ਨਿਉਲਾ, ਗੋਹ ਆਦਿ ਚੂਹਿਆਂ ਦੇ ਕੁਦਰਤੀ ਦੁਸ਼ਮਣ ਹਨ। ਇਸ ਲਈ ਸਾਨੂੰ ਇਹਨਾਂ ਦੀ ਜਨਸੰਖਿਆ ਨੂੰ ਪ੍ਰਫੁੱਲਿਤ ਕਰਨਾ ਚਾਹੀਦਾ ਹੈ। ਉੱਲੂਆਂ ਵਾਸਤੇ ਖੇਤਾਂ ਲਾਗੇ ਦਰੱਖਤ ਉਪਰ ਲੱਕੜ ਦੇ ਬਣੇ ਆਲ੍ਹਣੇ ਵੀ ਰੱਖੇ ਜਾ ਸਕਦੇ ਹਨ।

### ਜ਼ਹਿਰਾਂ ਦੀ ਵਰਤੋਂ ਨਾਲ ਚੂਹਿਆਂ ਦੀ ਰੋਕਥਾਮ :

★ ਦੋ ਜ਼ਹਿਰਾਂ ਜ਼ਿੰਕ ਫਾਸਫਾਈਡ (2%) ਅਤੇ ਬਰੋਮੋਡਾਇਲੋਨ (0.005%) ਨੂੰ ਵਰਤ ਕੇ ਚੂਹਿਆਂ ਦੀ ਜਨਸੰਖਿਆ 'ਤੇ ਕਾਬੂ ਪਾਇਆ ਜਾ ਸਕਦਾ ਹੈ। ਜ਼ਿੰਕ ਫਾਸਫਾਈਡ ਦੇ ਜ਼ਹਿਰੀਲੇ ਚੋਗ ਨੂੰ ਖਾਣ ਉਪਰੰਤ 3-4 ਘੰਟਿਆਂ ਵਿੱਚ ਹੀ ਚੂਹਿਆਂ ਦੀ ਮੌਤ ਹੋ ਜਾਂਦੀ ਹੈ। ਜਿਸ ਕਾਰਨ ਬਾਕੀ ਬਚੇ ਚੂਹਿਆਂ ਨੂੰ ਉਹਨਾਂ ਦੀ ਮੌਤ ਦੇ ਕਾਰਨ ਦਾ ਪਤਾ ਲੱਗ ਜਾਂਦਾ ਹੈ ਅਤੇ ਉਹ ਚੋਗ ਖਾਣਾ ਛੱਡ ਦਿੰਦੇ ਹਨ। ਇਸ ਲਈ ਦੂਜੀ ਵਾਰ ਜ਼ਿੰਕ ਫਾਸਫਾਈਡ ਦੀ ਵਰਤੋਂ ਤੋਂ ਪਹਿਲਾਂ 2-3 ਦਿਨ ਸਾਦੇ ਦਾਣੇ ਪਾ ਕੇ ਚੂਹਿਆਂ ਨੂੰ ਗੇਝ ਪਾਉਣੀ ਜ਼ਰੂਰੀ ਹੈ। ਜ਼ਿੰਕ ਫਾਸਫਾਈਡ ਦੀ ਵਰਤੋਂ ਦੂਜੀ ਵਾਰ ਘੱਟੋ-ਘੱਟ 2 ਮਹੀਨੇ ਦੇ ਵਕਫੇ ਤੋਂ ਪਹਿਲਾਂ ਨਾ ਕਰੋ।

★ ਬਰੋਮੋਡਾਇਲੋਨ ਖੂਨ ਦੇ ਜੰਮਣ ਨੂੰ ਰੋਕਦਾ ਹੈ ਅਤੇ ਅੰਦਰੂਨੀ ਜਾਂ ਬਾਹਰੀ ਖੂਨ ਵਹਿਣ ਕਾਰਨ ਜਾਨਵਰ ਦੀ ਮੌਤ ਹੋ ਜਾਂਦੀ ਹੈ। ਇਸ ਦਾ ਜ਼ਹਿਰੀਲਾ ਪ੍ਰਭਾਵ ਜ਼ਹਿਰ ਦੇ ਦਾਣੇ ਖਾਣ ਤੋਂ 2-3 ਦਿਨਾਂ ਬਾਅਦ ਸ਼ੁਰੂ ਹੁੰਦਾ ਹੈ, ਜਿਸ ਕਾਰਨ ਚੂਹਿਆਂ ਨੂੰ ਇਸ ਦੇ ਜ਼ਹਿਰੀਲੇਪਣ ਦਾ ਪਤਾ ਨਹੀਂ ਲੱਗਦਾ ਅਤੇ ਚੋਗ ਨੂੰ ਖਾਣਾ ਨਹੀਂ ਛੱਡਦੇ। ਬਰੋਮੋਡਾਇਲੋਨ ਦੇ ਚੋਗ ਨੂੰ ਜ਼ਿੰਕ ਫਾਸਫਾਈਡ ਚੋਗ ਦੀ ਵਰਤੋਂ ਦੇ 15 ਦਿਨਾਂ ਬਾਅਦ ਵਰਤਿਆ ਜਾ ਸਕਦਾ ਹੈ। ਫ਼ਸਲਾਂ ਦੇ ਵਿੱਚ ਜ਼ਹਿਰੀਲਾ ਚੋਗ ਉਦੋਂ ਹੀ ਵਰਤਣਾ ਚਾਹੀਦਾ ਹੈ, ਜਦੋਂ ਖੇਤ ਵਿੱਚ ਖੁੱਡਾਂ ਦੀ ਗਿਣਤੀ ਪ੍ਰਤੀ ਏਕੜ 10 ਤੋਂ ਵੱਧ ਹੋਵੇ।

**ਜ਼ਹਿਰੀਲਾ ਚੋਗ ਬਣਾਉਣ ਦਾ ਤਰੀਕਾ** : ਜ਼ਹਿਰੀਲਾ ਚੋਗ ਬਣਾਉਣ ਵਾਸਤੇ ਇੱਕ ਕਿਲੋ ਕਣਕ ਦੇ ਦਰੜ ਜਾਂ ਬਾਜਰਾ, ਜਵਾਰ ਆਦਿ ਵਿੱਚ 20 ਗ੍ਰਾਮ ਕੋਈ ਵੀ ਖਾਣ ਵਾਲਾ ਰਿਫਾਇੰਡ ਤੇਲ ਅਤੇ 20 ਗ੍ਰਾਮ ਪੀਸੀ ਖੰਡ ਪਾਉ ਅਤੇ ਚੰਗੀ ਤਰ੍ਹਾਂ ਮਿਲਾ ਲਉ। ਫਿਰ ਉਸ ਵਿੱਚ ਜ਼ਿੰਕ ਫਾਸਫਾਈਡ 25 ਗ੍ਰਾਮ ਜਾਂ ਬਰੋਮੋਡਾਇਲੋਨ 20 ਗ੍ਰਾਮ ਪਾ ਕੇ ਚੰਗੀ ਤਰ੍ਹਾਂ ਮਿਲਾ ਲਉ। ਜਦੋਂ ਵੀ ਜ਼ਰੂਰੀ ਹੋਵੇ ਜ਼ਹਿਰੀਲਾ ਚੋਗ ਹਮੇਸ਼ਾਂ ਤਾਜ਼ਾ ਤਿਆਰ ਕਰੋ ਅਤੇ ਇਸ ਵਿੱਚ ਕਦੇ ਵੀ ਪਾਣੀ ਨਾ ਮਿਲਾਓ।

### ਜ਼ਹਿਰੀਲਾ ਚੋਗ ਵਰਤਣ ਦਾ ਤਰੀਕਾ :

**ਖੁੱਡਾਂ ਵਿੱਚ ਚੋਗ ਰੱਖਣਾ** : ਇਸ ਲਈ ਕਾਗਜ਼ ਦੇ ਟੁਕੜੇ ਉਪਰ 10 ਗ੍ਰਾਮ ਜ਼ਹਿਰੀਲਾ ਚੋਗ ਪਾ ਕੇ ਇੱਕ ਢਿੱਲੀ ਜਿਹੀ ਪੁੜੀ ਬਣਾ ਕੇ ਖੁੱਡ ਵਿੱਚ ਸੋਟੀ ਦੀ ਮੱਦਦ ਨਾਲ 5-6 ਇੰਚ ਡੂੰਘਾ ਪਾ ਦਿਉ ਅਤੇ ਖੁੱਡ ਨੂੰ ਉਪਰੋਂ ਖੁਰਪੇ ਦੀ ਵਰਤੋਂ ਕਰਕੇ ਮਿੱਟੀ ਨਾਲ ਢੱਕ ਦਿਉ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇੱਕ ਦਿਨ ਪਹਿਲਾਂ ਖੇਤਾਂ ਵਿਚਲੀਆਂ ਸਾਰੀਆਂ ਖੁੱਡਾਂ ਮਿੱਟੀ ਨਾਲ ਬੰਦ ਕਰ ਦਿਉ ਅਤੇ ਅਗਲੇ ਦਿਨ ਜੋ ਖੁੱਡਾਂ ਖੁੱਲੀਆਂ ਹੋਣ ਉਸ ਵਿੱਚ ਉਪਰੋਕਤ ਦੱਸੇ ਤਰੀਕੇ ਨਾਲ ਇੱਕ ਪੁੜੀ ਪ੍ਰਤੀ ਖੁੱਡ ਰੱਖ ਦਿਉ।

**ਖੇਤਾਂ ਵਿੱਚ ਵਰਤੋਂ** : ਇਸ ਵਾਸਤੇ 10-15 ਗ੍ਰਾਮ ਜ਼ਹਿਰੀਲਾ ਚੋਗਾ ਕਾਗਜ਼

ਬਾਕੀ ਸਫ਼ 6 'ਤੇ

ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਸਪਤਾਹਿਕ ਪਟਿਆਲਾ
ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ

12 ਨਹੀਂ 24 ਨਹੀਂ
ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ

# ਬੱਚਿਆਂ ਨੂੰ ਭਾਵਨਾਤਮਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਕੁੱਝ ਸੁਝਾਅ

ਪਰਵਿੰਦਰ ਕੌਰ ਅਤੇ ਰਸ਼ਮੀ ਉਪਰੇਤੀ,
ਕ੍ਰਿਸ਼ੀ ਵਿਗਿਆਨ ਕੇਂਦਰ,
ਸਮਰਾਲਾ (ਮੋ. 98140-76259)

ਅੱਜ ਦੇ ਤੇਜ਼ੀ ਨਾਲ ਬਦਲਦੇ ਯੁੱਗ ਵਿੱਚ ਬੱਚਿਆਂ ਨੂੰ ਉਹਨਾਂ ਦੀਆਂ ਪਿਛਲੀਆਂ ਪੀੜ੍ਹੀਆਂ ਨਾਲੋਂ ਬਿਲਕੁਲ ਹੀ ਵੱਖਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਦੇ ਨਾਲ ਨਿੱਜਿਠਣ ਲਈ ਬੱਚੇ ਲਈ ਸਭ ਤੋਂ ਮਹੱਤਵਪੂਰਨ ਜੀਵਨ ਕੁਸ਼ਲਤਾ ਹੈ - ਭਾਵਨਾਤਮਕ ਮਜ਼ਬੂਤੀ, ਅਰਥਾਤ ਤਣਾਅ ਨਾਲ ਨਜਿਠਣਾ, ਮੁਸ਼ਕਿਲਾਂ ਤੋਂ ਮੁੜ ਉਭਰਨਾ ਅਤੇ ਭਾਵਨਾਤਮਕ ਤੌਰ ਤੇ ਮਜ਼ਬੂਤ ਰਹਿਣਾ। ਹੇਠਾਂ ਕੁੱਝ ਆਸਾਨ ਤਰੀਕੇ ਦੱਸੇ ਗਏ ਹਨ ਜਿਨ੍ਹਾਂ ਨਾਲ ਬੱਚਿਆਂ ਵਿੱਚ ਭਾਵਨਾਤਮਕ ਮਜ਼ਬੂਤੀ ਪੈਦਾ ਕੀਤੀ ਜਾ ਸਕਦੀ ਹੈ।



**1. ਬੱਚੇ ਨਾਲ ਮਜ਼ਬੂਤ ਭਾਵਨਾਤਮਕ ਰਿਸ਼ਤਾ ਬਣਾਓ :** ਭਾਵਨਾਤਮਕ ਮਜ਼ਬੂਤੀ ਦਾ ਅਧਾਰ ਹੈ ਪਿਆਰ, ਸੁਰੱਖਿਆ ਅਤੇ ਸਮਝ ਦਾ ਅਹਿਸਾਸ। ਜਿਹੜੇ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਉਹ ਜਿਵੇਂ ਹਨ ਤਿਵੇਂ ਹੀ ਸਵੀਕਾਰਦੇ ਹਨ, ਉਹ ਬੱਚੇ ਵੱਡੇ ਹੋ ਕੇ ਆਤਮ-ਵਿਸ਼ਵਾਸੀ ਅਤੇ ਸੰਤੁਲਿਤ ਵਿਅਕਤੀ ਬਣਦੇ ਹਨ। ਬੱਚੇ ਚਾਹੁੰਦੇ ਹਨ ਕਿ ਉਹਨਾਂ ਦੇ ਮਾਂ-ਬਾਪ ਉਹਨਾਂ ਨਾਲ ਸਮਾਂ ਬਿਤਾਉਣ, ਉਹਨਾਂ ਵੱਲ ਧਿਆਨ ਦੇਣ ਅਤੇ ਸਹਿਜਤਾ ਨਾਲ ਵਤੀਰਾ ਕਰਨ। ਛੋਟੀਆਂ ਘਰੇਲੂ ਗਤੀਵਿਧੀਆਂ- ਜਿਵੇਂ ਖਾਣਾ ਬਣਾਉਣਾ, ਬਾਗਬਾਨੀ ਕਰਨਾ ਜਾਂ ਚੱਲਦੇ ਹੋਏ ਗੱਲਬਾਤ ਕਰਨੀ- ਬੱਚੇ ਨਾਲ ਰਿਸ਼ਤਾ ਮਜ਼ਬੂਤ ਕਰਦੀਆਂ ਹਨ। ਬਿਨਾਂ ਟੋਕੇ ਬੱਚਿਆਂ ਦੀ ਗੱਲ ਸੁਣੋ ਅਤੇ ਉਹਨਾਂ ਦੇ ਜਜ਼ਬਾਤਾਂ ਨੂੰ ਅਣਦੇਖਿਆ ਨਾ ਕਰੋ।

**2. ਬੱਚਿਆਂ ਵਿੱਚ ਹਮਦਰਦੀ ਦੀ ਭਾਵਨਾ ਪੈਦਾ ਕਰੋ :** ਹਮਦਰਦੀ ਦੀ ਭਾਵਨਾ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣਾ ਅਤੇ ਉਹਨਾਂ ਦਾ ਖਿਆਲ ਰੱਖਣਾ ਸਿਖਾਉਂਦੀ ਹੈ। ਇਹ ਬੱਚਿਆਂ ਨੂੰ ਚੰਗੇ ਰਿਸ਼ਤੇ ਬਣਾਉਣ ਅਤੇ ਨਿਭਾਉਣ ਵਿੱਚ ਮਦਦ ਕਰਦੀ ਹੈ। ਬੱਚੇ ਸੁਣਨ ਨਾਲ ਘੱਟ ਤੇ ਦੇਖਣ ਨਾਲ ਜ਼ਿਆਦਾ ਸਿੱਖਦੇ ਹਨ... ਇਸ ਲਈ ਜਦੋਂ ਮਾਪੇ ਜੀਵਨ ਦੇ ਉਤਾਰ-ਚੜ੍ਹਾਅ ਨੂੰ ਸਹਿਜ ਤੇ ਸਬਰ ਨਾਲ ਸੰਭਾਲਦੇ ਹਨ ਤਾਂ ਬੱਚੇ ਵੀ ਧੀਰਜੀ ਬਣਦੇ ਹਨ।

**3. ਬੱਚਿਆਂ ਨੂੰ ਛੋਟੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦਿਓ :** ਬਹੁਤੇ ਮਾਪੇ ਬੱਚਿਆਂ ਨੂੰ ਦਰਦ ਜਾਂ ਨਿਰਾਸ਼ਾ ਤੋਂ ਬਚਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ, ਪਰ ਜੇ ਮਾਪੇ ਹਮੇਸ਼ਾ ਹੱਲ ਦੇਣ ਲੱਗ ਪੈਣ ਤਾਂ ਬੱਚੇ ਕਦੇ ਵੀ ਆਪ ਸਮੱਸਿਆ ਦਾ ਹੱਲ ਕਰਨਾ ਨਹੀਂ ਸਿੱਖਦੇ। ਬੱਚਿਆਂ ਨੂੰ ਛੋਟੀਆਂ-ਛੋਟੀਆਂ ਮੁਸ਼ਕਲਾਂ ਨਾਲ ਨਿੱਜਿਠਣ ਲਈ ਪ੍ਰੋਤਸਾਹਿਤ ਕਰਨਾ ਉਨ੍ਹਾਂ ਦੀ ਹਿੰਮਤ ਵਧਾਉਂਦਾ ਹੈ। ਬੱਚੇ ਨੂੰ ਸੋਚਣ ਦਿਓ ਕਿ, ਇਸ ਮੁਸ਼ਕਿਲ ਦਾ ਕੀ ਹੱਲ ਹੋ ਸਕਦਾ ਹੈ?


**4. ਸਿਰਫ਼ ਸਫਲਤਾ ਨਹੀਂ, ਕੋਸ਼ਿਸ਼ਾਂ ਦੀ ਵੀ ਪ੍ਰਸ਼ੰਸਾ ਕਰੋ :** ਬਹੁਤੇ ਮਾਂ-ਬਾਪ ਨੇਕ ਨੀਅਤ ਨਾਲ ਸਿਰਫ਼ ਉਦੋਂ ਹੀ ਸ਼ਲਾਘਾ/ਪ੍ਰਸ਼ੰਸਾ ਕਰਦੇ ਹਨ ਜਦੋਂ ਉਹ ਜਿੱਤਦੇ ਜਾਂ ਕਿਸੇ ਹੋਰ ਵੱਡੇ ਕਾਰਜ ਵਿੱਚ ਸਫਲ ਹੁੰਦੇ ਹਨ। ਜਿਨਾਂ ਸਫਲਤਾ ਦਾ ਜਸ਼ਨ ਮਨਾਉਣਾ ਜ਼ਰੂਰੀ ਹੈ ਪਰ ਬੱਚੇ ਦੇ ਇਮਾਨਦਾਰੀ, ਮਿਹਨਤ ਅਤੇ ਲਗਨ ਦੀ ਵੀ ਪ੍ਰਸ਼ੰਸਾ ਕਰਨਾ ਉਸ ਤੋਂ ਵੀ ਵੱਧ ਜ਼ਰੂਰੀ ਹੈ।

**5. ਬੱਚਿਆਂ ਨੂੰ ਦਿਆਲਤਾ ਅਤੇ ਸਥਿਰਤਾ ਸਿਖਾਓ :** ਨਿਯਮਾਂ ਦੀ ਪਾਲਣਾ ਕਰਨਾ ਹੀ ਅਨੁਸ਼ਾਸਨ ਨਹੀਂ ਹੈ ਬਲਕਿ ਜ਼ਿੰਮੇਵਾਰੀ ਅਤੇ ਸਵੈ-ਨਿਯੰਤਰਣ ਸਿਖਾਉਣਾ ਵੀ ਅਨੁਸ਼ਾਸਨ ਹੈ, ਰੋਜ਼ਾਨਾ ਦੀਆਂ ਨਿਯਮਤ ਰੁਟੀਨ... ਜਿਵੇਂ ਕਿ ਸਮੇਂ ਨਾਲ ਖਾਣਾ-ਪੀਣਾ, ਪੜ੍ਹਾਈ ਕਰਨੀ, ਖੇਡਣ ਤੇ ਸੌਣ ਦਾ ਸਮਾਂ... ਬੱਚਿਆਂ ਵਿੱਚ ਸੁਰੱਖਿਆ ਅਤੇ ਸੰਤੁਲਨ ਦਾ ਅਹਿਸਾਸ ਪੈਦਾ ਕਰਦਾ ਹੈ। ਗਲਤੀ ਕਰਨ ਤੇ ਬੱਚੇ ਨੂੰ ਡਾਂਟ ਜਾਂ ਸਜ਼ਾ ਦੇਣ ਦੀ ਬਜਾਏ ਪਿਆਰ ਨਾਲ ਸਮਝਾਓ ਕਿ ਕੀ ਗਲਤ ਸੀ ? ਅਤੇ ਅਗਲੀ ਵਾਰ ਗਲਤੀ ਨੂੰ ਕਿਵੇਂ ਠੀਕ ਕੀਤਾ ਜਾ ਸਕਦਾ ਹੈ।

**6. ਬੱਚਿਆਂ ਨੂੰ ਰਿਵਾਜਾਂ ਅਤੇ ਅਧਿਆਤਮਿਕਤਾ ਨਾਲ ਜੋੜੋ :** ਪਰੰਪਰਾਵਾਂ, ਅਧਿਆਤਮਿਕਤਾ ਅਤੇ ਸੱਭਿਆਚਾਰਕ ਅਭਿਆਸ ਤੇਜ਼ੀ ਨਾਲ ਬਦਲ ਰਹੀ ਦੁਨੀਆਂ ਵਿੱਚ ਭਾਵਨਾਤਮਕ ਸਥਿਰਤਾ ਪ੍ਰਦਾਨ ਕਰਦੇ ਹਨ। ਬੱਚੇ ਨੂੰ ਪ੍ਰਾਰਥਨਾਵਾਂ, ਤਿਉਹਾਰਾਂ, ਰੀਤੀ-ਰਿਵਾਜਾਂ ਅਤੇ ਪਰਿਵਾਰਕ ਪਰੰਪਰਾਵਾਂ ਵਿੱਚ ਸ਼ਾਮਲ ਕਰੋ। ਇਹ ਅਭਿਆਸ ਨਾ ਸਿਰਫ਼ ਪਰਿਵਾਰਕ ਰਿਸ਼ਤਿਆਂ ਨੂੰ ਮਜ਼ਬੂਤ ਕਰਦੇ ਹਨ ਬਲਕਿ ਭਾਵਨਾਤਮਕ ਸ਼ਾਂਤੀ ਅਤੇ ਸਥਿਰਤਾ ਵੀ ਪ੍ਰਦਾਨ ਕਰਦੇ ਹਨ। ਭੋਜਨ ਤੋਂ ਪਹਿਲਾਂ ਅਰਦਾਸ ਕਰਨਾ, ਇਕੱਠੇ ਦੀਵਾ ਜਗਾਉਣਾ, ਜਾਂ ਦਾਦਾ-ਦਾਦੀ ਨੂੰ ਮਿਲਣ ਜਾਣਾ ਵਰਗੇ ਸਧਾਰਨ ਰਸਮਾਂ ਬੱਚਿਆਂ ਨੂੰ ਉਨ੍ਹਾਂ ਦੀਆਂ ਜੜ੍ਹਾਂ ਅਤੇ ਕਦਰਾਂ-ਕੀਮਤਾਂ ਦੀ ਯਾਦ ਦਿਵਾਉਂਦੀਆਂ ਹਨ ਜੋ ਉਨ੍ਹਾਂ ਨੂੰ ਮਾਰਗਦਰਸ਼ਨ ਕਰਦੀਆਂ ਹਨ।

# ਸਾਹਿਤਕ ਅਤੇ ਕਾਵਿਕ ਫੋਟੋਗ੍ਰਾਫੀ ਦਾ ਉਸਤਾਦ - ਲੇਖਕ ਹਰਭਜਨ ਬਾਜਵਾ

ਪ੍ਰਸਿੱਧ ਸਾਹਿਤਕ ਅਤੇ ਕਾਵਿਕ ਫੋਟੋਗ੍ਰਾਫਰ ਹਰਭਜਨ ਬਾਜਵਾ ਦੇਸ਼ ਵਿਦੇਸ਼ ਦੇ ਪ੍ਰਸਿੱਧ ਫੋਟੋਗ੍ਰਾਫਰ ਵਿੱਚ ਉਸ ਦਾ ਨਾਂਅ ਹੈ। ਸਰਕਾਰੀ ਪੋਲੀਟੈਕਨਿਕ ਕਾਲਿਜ ਬਟਾਲਾ (ਜ਼ਿਲ੍ਹਾ ਗੁਰਦਾਸਪੁਰ, ਪੰਜਾਬ) ਦੇ ਸਾਹਮਣੇ ਬਾਜਵਾ ਫੋਟੋਸ ਸਟੂਡੀਓ ਅਤੇ ਇਸ ਦੇ ਉੱਪਰ ਉਸ ਦੀ ਰਿਹਾਇਸ਼। ਉਸ ਦੇ ਸਟੂਡੀਓ ਵਿੱਚ ਸਾਹਿੱਤਕ ਅਤੇ ਕਲਾਤਮਿਕ ਫੋਟੋਆਂ ਦੀ ਪ੍ਰਦਰਸ਼ਨੀ ਚੌਵੀ ਘੰਟੇ ਵੇਖੀ ਜਾ ਸਕਦੀ ਹੈ।



ਪੰਜਾਬ, ਪੰਜਾਬੀ, ਪੰਜਾਬੀਅਤ, ਸਾਹਿਤਕ, ਕਲਾਤਮਿਕ ਅਤੇ ਕਾਵਿਕ ਫੋਟੋਗ੍ਰਾਫੀ ਨੂੰ ਸਮਰਪਿਤ ਹੈ ਹਰਭਜਨ ਬਾਜਵਾ, ਅੱਖ ਦੇ ਇਸ਼ਾਰੇ ਨਾਲ ਅੰਬਰੋਂ ਤਾਰੇ ਤੋੜ ਲਿਆਉਣ ਵਾਲਾ ਬੰਦਾ, ਮੂੰਹ ਫੱਟ, ਸੱਚਾ ਸੁੱਚਾ, ਭਾਵੇਂ ਤੂੰ-ਤੂੰ, ਮੈਂ-ਮੈਂ ਹੋ ਜਾਏ ਪਰ ਸੱਚ ਕਹਿਣੋਂ ਬਾਜ਼ ਨਹੀਂ ਆਉਂਦਾ। ਕਈ ਲੋਕ ਉਸ ਨੂੰ ਸਿਰ ਫਿਰਾ, ਪਾਗਲ, ਸ਼ੌਦਾਈ, ਅਲਬੇਲਾ, ਫਕੱਰ, ਕਮਲਾ ਆਦਿ ਵੀ ਕਹਿ ਦਿੰਦੇ ਹਨ।

ਉਸ ਦੀ ਅੱਖ ਕੈਮਰੇ ਦੀ ਕਲਿਕ ਦਾ ਚੋਖਾ ਤਜ਼ਰਬਾ ਰੱਖਦੀ ਹੈ। ਉਸ ਦੀ ਅੱਖ ਕਲਾਤਮਿਕ ਚੀਜ਼ਾਂ 'ਤੇ ਜ਼ਿਆਦਾ ਟਿਕਦੀ ਹੈ। ਕੈਮਰੇ ਦੀ ਪਲਕ ਵਿੱਚ ਇੱਕ ਮਿਕਨਾਤੀਸ਼ੀ ਖਿੱਚ। ਵੈਸੇ ਉਹ ਵਿਅਕਤਿਤਵ ਤੌਰ 'ਤੇ ਯਾਰਾਂ ਦਾ ਯਾਰ, ਸੱਚੇ ਸੁੱਚੇ ਗੈਰਾਂ ਦਾ ਵੀ ਆਪਣਾ। ਗਲਤ ਬੰਦੇ ਨੂੰ ਮੂੰਹ 'ਤੇ ਗਲਤ ਕਹਿ ਦੇਣਾ ਉਸ ਦੀ ਆਦਤ ਹੈ, ਪਤਾ ਨਹੀਂ ਇਹ ਚੰਗੀ ਹੈ ਜਾਂ ਮਾੜੀ, ਪਰ ਉਹ ਇਸ ਤੋਂ ਟਸ ਤੋਂ ਮਸ ਨਹੀਂ ਹੁੰਦਾ। ਪੰਜਾਬ ਦਾ ਸ਼ਾਇਦ ਕੋਈ ਹੀ ਐਸਾ ਸਾਹਿਤਕਕਾਰ, ਨਾਟਕਕਾਰ, ਕਲਾਕਾਰ, ਪੱਤਰਕਾਰ, ਸੰਪਾਦਕ ਹੋਵੇ ਜਿਸ ਦੀ ਫੋਟੋ ਬਾਜਵੇ ਦੇ ਕੈਮਰੇ ਵਿੱਚ ਬੰਦ ਨਾ ਹੋਵੇ। ਚਾਹੇ ਪਕਿਸਤਾਨ ਦੇ ਸਾਹਿਤਿਕ ਕਲਾਕਾਰ ਹੋਵਣ ਜਾਂ ਪੰਜਾਬ (ਭਾਰਤ) ਦੇ ਉਸ ਦੇ ਕਮਰੇ ਵਿੱਚ ਸੁਸ਼ੋਭਿਤ ਹਨ। ਪੰਜਾਬ ਅਤੇ ਨਾਰਥ ਜੋਨ ਦੇ ਹਿੰਦੀ, ਪੰਜਾਬੀ, ਉਰਦੂ, ਅੰਗਰੇਜ਼ੀ, ਡੋਗਰੀ, ਸਿੰਧੀ ਆਦਿ ਭਾਸ਼ਾਵਾਂ ਦੇ ਲੇਖਕਾਂ ਦੇ ਫੋਟੋਗ੍ਰਾਫਸ ਉਸ ਕੋਲ ਮੌਜੂਦ ਹਨ। ਭਾਰਤ-ਪਾਕਿਸਤਾਨ ਦੇ ਮਸ਼ਹੂਰ ਮੇਲੇ ਉਸ ਦੇ ਕੈਮਰੇ ਵਿੱਚ ਜੀਵਤ ਹਨ। ਭਾਰਤ ਦੀਆਂ ਪਹਾੜੀਆਂ, ਫਸਲਾਂ, ਪਸ਼ੂ-ਪੰਛੀਆਂ ਦੇ ਸੁੰਦਰ ਦ੍ਰਿਸ਼ ਉਸਦੇ ਕੈਮਰੇ ਵਿੱਚ ਸਮੋਏ ਹੋਏ ਹਨ। ਉਹ ਵਧੀਆ ਲੇਖਕ ਤੇ ਕਵੀ ਵੀ ਹਨ। ਪੰਜਾਬੀ ਕਵਿਤਾਵਾਂ ਦੀਆਂ ਦੋ ਪੁਸਤਕਾਂ ਸੁੱਕੇ ਰੱਖਾਂ ਥੱਲੇ ਅੱਗ ਅਤੇ ਮੌਤ ਇੱਕ ਆਸ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ।

ਬਾਜਵਾ ਜ਼ਿੱਦੀ ਨਹੀਂ ਹੈ, ਹਾਂ ਤੇ ਹਾਂ ਜਾਂ ਨਾਂਹ ਤੇ ਨਾਂਹ, ਪਰ ਛੋਟੀ ਗਲਸੀ 'ਤੇ ਆਣ ਕੇ ਜ਼ਿੱਦ ਕਰਦਾ ਹੈ ਜ਼ਰੂਰ ਕਦੀ-ਕਦੀ। ਉਹ ਸੱਚੀ ਤੇ ਇਮਾਨਦਾਰੀ ਵਾਲੀ ਪੰਜਾਬੀ ਵਿੱਚ ਗੱਲ ਕਰਦਾ ਹੈ, ਦੂਸਰਿਆਂ ਸ਼ਬਦਾਂ, ਹੋਰ ਭਾਸ਼ਾਵਾਂ ਨੂੰ ਵਿੱਚ ਨਹੀਂ ਘਸੋੜਦਾ। ਤ੍ਰਿਪਤ ਪੰਜਾਬੀ ਦਾ ਸੌਦਾਈ। ਬਾਡੀ ਲੈਂਗੂਏਜ ਵਿੱਚ ਓਵਰ ਐਕਟਿੰਗ ਨਹੀਂ ਕਰਦਾ। ਉਸ ਦਾ ਪਹਿਰਾਵਾ ਵੇਖ ਕੇ ਕੋਈ ਵੀ ਕਹਿ ਸਕਦਾ ਹੈ ਕਿ ਇਹ ਬੰਦਾ ਕੋਈ ਬਲਾਅ ਹੈ। ਸਰਕੜੇ ਵਰਗੇ ਸਫੇਦ ਵਾਲ ਮੋਢਿਆਂ ਤੱਕ ਲਹਿਰਾ ਕੇ ਕੰਨਸੋਆਂ ਕਰਦੇ, ਸਿੱਖੀ ਸਰੂਪ ਮੁਕੰਮਲ ਦਾੜ੍ਹੀ, ਮੋਢੇ ਤੇ ਕੈਮਰਾ, ਕੁਰਤਾ-ਪਜਾਮਾ ਉਸ ਦੀ ਫਕੀਰਾਨਾ ਆਦਤ ਤੇ ਅਨੁਕੂਲ। ਜਦੋਂ ਉਹ ਸੱਜਣਾ-ਬੇਲੀਆਂ ਨਾਲ ਗੱਲਾਂ ਕਰਦਾ ਹੈ, ਤਾਂ ਇਵੇਂ ਲੱਗਦਾ ਹੈ ਜਿਵੇਂ ਕੋਈ ਕਲਾਕਾਰ ਰੰਗਮੰਚ ਦਾ ਸੂਤਰਧਾਰ ਹੋਵੇ।

ਲਲਿਤ ਕਲਾ ਅਕੈਡਮੀ ਵੱਲੋਂ ਭਾਰਤ ਪੱਧਰ ਦਾ ਸਨਮਾਨ ਲੈ ਚੁੱਕਾ ਹੈ। ਪੰਜਾਬ ਆਰਟ ਕੌਂਸਿਲ ਵੱਲੋਂ ਵੀ ਮਾਨ-ਸਨਮਾਨ ਲੈ ਚੁੱਕਾ ਹੈ। ਬਾਜਵਾ ਮਨ ਦਾ ਸਰਲ ਤਾਂ ਹੈ ਹੀ, ਪਰ ਮੁਸ਼ਕਿਲ ਵੀ ਹੈ। ਉਸ ਨੂੰ ਹਰ ਬੰਦਾ ਨਹੀਂ ਪੜ੍ਹ ਸਕਦਾ। ਬਟਾਲੇ ਦੇ ਬਹੁਤ ਬਜ਼ੁਰਗ ਉਸ ਦੇ ਯਾਦ ਰਹੇ ਹਨ। ਉਹ ਯਾਰ ਜੋ ਸਵ. ਸ਼ਿਵ ਕੁਮਾਰ ਬਟਾਲਵੀ ਦੇ ਯਾਰ ਸਨ। ਬਾਜਵਾ ਵੀ ਸ਼ਿਵ ਕੁਮਾਰ ਬਟਾਲਵੀ ਦਾ ਪੱਕਾ ਯਾਰ ਸੀ। ਉਸ ਦੇ ਸਟੂਡੀਓ ਵਿੱਚ ਕੋਈ ਨਾ ਕੋਈ ਕਲਾਕਾਰ ਵੇਖਣ ਨੂੰ ਜ਼ਰੂਰ ਮਿਲ ਜਾਂਦਾ ਹੈ। ਸ਼ਿਵ ਕੁਮਾਰ ਬਟਾਲਵੀ ਨੂੰ ਬਾਜਵਾ ਸਭ ਤੋਂ ਵੱਧ ਜਾਣਦਾ ਹੈ। ਬਾਜਵਾ ਸਾਹਿਤਕ ਫੋਟੋਗ੍ਰਾਫੀ ਵਿੱਚ ਚੱਲਦਾ ਫਿਰਦਾ ਇਨਸਾਈਕਲੋਪੀਡੀਆ ਹੈ। ਜਿਉਂਦਾ ਵੱਸਦਾ ਰਵੇ।




ਬਲਵਿੰਦਰ 'ਬਾਲਮ',
ਓਂਕਾਰ ਨਗਰ, ਗੁਰਦਾਸਪੁਰ
ਮੋ. 98156-25409

ਬਾਕੀ ਸਫਾ 5 ਦੀ

## ਕਣਕ ਦੀ ਫ਼ਸਲ ਵਿੱਚ ਚੂਹਿਆਂ ਦੀ ਰੋਕਥਾਮ

ਦੇ ਟੁਕੜਿਆਂ ਉਪਰ ਪਾ ਕੇ ਖੇਤ ਵਿੱਚ ਵੱਟਾਂ ਦੇ ਨਾਲ-ਨਾਲ ਇੱਕ ਏਕੜ ਵਿੱਚ 40 ਥਾਂਵਾਂ 'ਤੇ (400 ਗ੍ਰਾਮ ਪ੍ਰਤੀ ਏਕੜ) ਰੱਖੋ। ਇਹ ਢੰਗ ਉਦੋਂ ਹੀ ਅਪਣਾਉ, ਜਦੋਂ ਫ਼ਸਲ ਕਾਫ਼ੀ ਉੱਚੀ ਹੋ ਜਾਵੇ, ਨਹੀਂ ਤਾਂ ਦੂਸਰੇ ਜਾਨਵਰ ਜਿਵੇਂ ਕਿ ਪੰਛੀ ਆਦਿ ਇਸ ਨੂੰ ਖਾ ਕੇ ਮਰ ਸਕਦੇ



ਹਨ। ਇਸ ਲਈ ਜ਼ਹਿਰੀਲੇ ਚੋਗ ਦੀ ਵਰਤੋਂ ਹਮੇਸ਼ਾਂ ਸ਼ਾਮ ਵੇਲੇ ਹੀ ਕਰੋ।

### ਵੱਖ-ਵੱਖ ਫ਼ਸਲਾਂ ਵਿੱਚ ਜ਼ਹਿਰੀਲਾ ਚੋਗ ਰੱਖਣ ਦਾ ਸਮਾਂ ਅਤੇ ਤਰੀਕਾ

★ ਰਵਾਇਤੀ ਤਰੀਕੇ ਨਾਲ ਬੀਜੀ ਕਣਕ ਵਿੱਚ ਅੱਧ ਫਰਵਰੀ ਤੋਂ ਸ਼ੁਰੂ ਮਾਰਚ ਦੌਰਾਨ (ਦੁਧੀਆ ਦਾਣੇ ਪੈਣ ਤੋਂ ਪਹਿਲਾਂ) ਜ਼ਿੰਕ ਫਾਸਫਾਈਡ ਜਾਂ ਬਰੋਮੇਡਾਇਲੋਨ ਵਾਲਾ ਚੋਗ 400 ਗ੍ਰਾਮ ਪ੍ਰਤੀ ਏਕੜ ਖੇਤਾਂ ਵਿੱਚ 40 ਥਾਂਵਾਂ 'ਤੇ ਕਾਗਜ਼ ਦੇ ਟੁਕੜਿਆਂ ਉੱਪਰ ਰੱਖੋ।

★ ਹੈਪੀਸੀਡਰ/ਸੁਪਰਸੀਡਰ ਨਾਲ ਬੀਜੀ ਕਣਕ ਦੇ ਖੇਤਾਂ ਵਿੱਚ ਬਿਜਾਈ ਤੋਂ ਬਾਅਦ ਖੁੱਡਾਂ ਵਿੱਚ 10-15 ਦਿਨਾਂ ਦੇ ਵਕਫੇ 'ਤੇ ਦੋ ਵਾਰ ਜ਼ਿੰਕ ਫਾਸਫਾਈਡ ਜਾਂ ਬਰੋਮੇਡਾਇਲੋਨ ਦਾ ਚੋਗ 400 ਗ੍ਰਾਮ ਪ੍ਰਤੀ ਏਕੜ ਵੱਟਾਂ ਦੇ ਨਾਲ-ਨਾਲ 40 ਥਾਂਵਾਂ 'ਤੇ ਕਾਗਜ਼ ਦੇ ਟੁਕੜਿਆਂ ਉੱਪਰ ਰੱਖੋ।

★ ਜ਼ੀਰੋ ਟਿਲੇਜ ਤਰੀਕੇ ਨਾਲ ਬੀਜੀ ਕਣਕ ਵਿੱਚ ਬਿਜਾਈ ਤੋਂ ਪਹਿਲਾਂ ਜ਼ਿੰਕ ਫਾਸਫਾਈਡ ਦਾ ਜ਼ਹਿਰੀਲਾ ਚੋਗ ਰੱਖੋ ਅਤੇ ਦੂਜੀ ਵਾਰ ਜ਼ਿੰਕ ਫਾਸਫਾਈਡ ਜਾਂ ਬਰੋਮੇਡਾਇਲੋਨ ਜ਼ਹਿਰੀਲਾ ਚੋਗ 400 ਗ੍ਰਾਮ ਪ੍ਰਤੀ ਏਕੜ ਅੱਧ ਫਰਵਰੀ ਤੋਂ ਸ਼ੁਰੂ ਮਾਰਚ ਦੌਰਾਨ (ਦੁਧੀਆ ਦਾਣੇ ਪੈਣ ਤੋਂ ਪਹਿਲਾਂ) ਫ਼ਸਲ ਵਿੱਚ ਰੱਖੋ।

### ਜ਼ਹਿਰੀਲਾ ਚੋਗ ਬਣਾਉਣ ਸਮੇਂ ਧਿਆਨ ਦੇਣ ਯੋਗ ਗੱਲਾਂ :

★ ਜ਼ਹਿਰੀਲਾ ਚੋਗ ਬੱਚਿਆਂ ਅਤੇ ਪਾਲਤੂ ਜਾਨਵਰਾਂ ਦੀ ਪਹੁੰਚ ਤੋਂ ਦੂਰ ਰੱਖੋ।

★ ਜ਼ਹਿਰੀਲਾ ਚੋਗ ਬਣਾਉਂਦੇ ਸਮੇਂ ਮੂੰਹ ਉੱਤੇ ਮਾਸਕ/ਕੱਪੜਾ ਜ਼ਰੂਰ ਪਾਓ ਅਤੇ ਹੱਥਾਂ 'ਤੇ ਦਸਤਾਨੇ ਜਾਂ ਲੰਮੇ ਲਿਫਾਫੇ ਜ਼ਰੂਰ ਬੰਨੋ।

★ ਜ਼ਹਿਰੀਲਾ ਚੋਗ ਰੱਖਣ ਤੇ ਖੇਤਾਂ ਵਿੱਚ ਲਿਜਾਣ ਲਈ ਵਰਤੇ ਗਏ ਲਿਫਾਫਿਆਂ ਆਦਿ ਨੂੰ ਬਾਅਦ ਵਿੱਚ ਜ਼ਮੀਨ ਵਿੱਚ ਟੋਆ ਪੁੱਟ ਕੇ ਦਬਾ ਦੇਣਾ ਚਾਹੀਦਾ ਹੈ।

★ ਬਚਿਆ ਹੋਇਆ ਚੋਗ, ਜ਼ਹਿਰ ਦੇ ਖਾਲੀ ਡੱਬੇ ਜਾਂ ਪੈਕਟ ਅਤੇ ਮਰੇ ਹੋਏ ਚੂਹੇ ਟੋਆ ਪੁੱਟ ਕੇ ਦਬਾ ਦੇਣੇ ਚਾਹੀਦੇ ਹਨ ਤਾਂ ਜੋ ਦੂਜੇ ਜਾਨਵਰ ਇਹਨਾਂ ਨੂੰ ਖਾ ਕੇ ਮਰ ਨਾ ਜਾਣ।

★ ਜ਼ਹਿਰੀਲਾ ਚੋਗ ਬਣਾਉਣ ਤੋਂ ਬਾਅਦ ਵਰਤੇ ਗਏ ਭਾਂਡੇ ਅਤੇ ਹੱਥਾਂ ਨੂੰ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ।

★ ਜੇਕਰ ਜ਼ਿੰਕ ਫਾਸਫਾਈਡ ਦਵਾਈ ਮਨੁੱਖ ਦੇ ਅੰਦਰ ਚਲੀ ਜਾਵੇ ਤਾਂ ਗਲੇ ਵਿੱਚ ਉਂਗਲੀ ਮਾਰ ਕੇ ਉਲਟੀ ਕਰਾ ਦਿਉ ਅਤੇ ਡਾਕਟਰ ਕੋਲ ਲੈ ਜਾਉ।

★ ਬਰੋਮਾਡਾਇਲੋਨ ਦਾ ਅਸਰ ਡਾਕਟਰ ਦੀ ਨਿਗਰਾਨੀ ਹੇਠ 'ਵਿਟਾਮਿਨ-ਕੇ' ਦੇਣ ਨਾਲ ਘਟਾਇਆ ਜਾ ਸਕਦਾ ਹੈ।



# ਕਣਕ ਦੀ ਭਰਪੂਰ ਫ਼ਸਲ ਹੋਣ ਦੀ ਸੰਭਾਵਨਾ



ਭਗਵਾਨ ਦਾਸ

ਕਣਕ ਪੰਜਾਬ ਦੀ ਮੁੱਖ ਫ਼ਸਲ ਹੈ। ਇਸ ਸਾਲ ਇਸ ਦੀ ਕਾਸ਼ਤ 35 ਲੱਖ ਹੈਕਟੇਅਰ ਰਕਬੇ 'ਤੇ ਕੀਤੀ ਗਈ ਹੈ। ਥੋੜ੍ਹਾ ਜਿਹਾ ਰਕਬਾ ਜੋ ਆਲੂਆਂ, ਮਟਰਾਂ ਅਤੇ ਗੰਨੇ ਆਦਿ ਵਾਲਾ ਰਹਿੰਦਾ ਹੈ, ਉਹ 15 ਜਨਵਰੀ ਤੱਕ ਪਛੇਤੀਆਂ ਕਿਸਮਾਂ ਐਚ ਡੀ-3298, ਪੀਬੀਡਬਲਿਊ-771 ਅਤੇ ਪੀਬੀਡਬਲਿਊ-753 ਆਦਿ ਵਿੱਚੋਂ ਕਿਸੇ ਕਿਸਮ ਨਾਲ ਬੀਜਿਆ ਜਾਵੇਗਾ।

ਅਜੋਕਾ ਮੌਸਮ, ਜਿਸ ਵਿੱਚ ਠੰਢ ਪੈ ਰਹੀ ਹੈ, ਇਹ ਕਣਕ ਲਈ ਬਹੁਤ ਲਾਭਦਾਇਕ ਹੈ। ਪਿਛਲੇ ਹਫ਼ਤੇ ਹੋਈ ਬਾਰਿਸ਼ ਵੀ ਸੋਨੇ 'ਤੇ ਸੁਹਾਗਾ ਵਾਲੀ ਗੱਲ ਸੀ। ਡਾ. ਜਸਵੰਤ ਸਿੰਘ ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਕਹਿੰਦੇ ਹਨ ਕਿ ਜੇ ਮੌਸਮ ਮਾਰਚ ਤੱਕ ਇਸੇ ਤਰ੍ਹਾਂ ਰਿਹਾ ਤਾਂ ਕਣਕ ਦੀ ਭਰਪੂਰ ਫ਼ਸਲ ਹੋਣ ਦਾ ਅਨੁਮਾਨ ਹੈ। ਪੰਜਾਬ ਕਣਕ ਉਤਪਾਦਨ ਵਿੱਚ ਮੋਹਰੀ ਰਾਜ ਰਿਹਾ ਹੈ। ਛੇ ਸਾਲ ਪਹਿਲਾਂ 2018-19 ਵਿੱਚ ਪੰਜਾਬ ਵਿੱਚ ਕਣਕ ਦਾ ਉਤਪਾਦਨ 182.62 ਲੱਖ ਟਨ 'ਤੇ ਪਹੁੰਚ ਗਿਆ ਸੀ। ਪਰ ਇਸ ਤੋਂ ਬਾਅਦ ਖ਼ਰਾਬ ਮੌਸਮ, ਬਾਰਿਸ਼, ਹੜ੍ਹ ਅਤੇ ਤੇਜ਼ ਹਵਾਵਾਂ ਦੇ ਚਲਦਿਆਂ ਇਹ ਉਤਪਾਦਨ ਘੱਟ ਗਿਆ, ਜਦਕਿ ਮੱਧ ਪ੍ਰਦੇਸ਼ ਤੇ ਉੱਤਰ ਪ੍ਰਦੇਸ਼ ਜਿਹੇ ਰਾਜ ਇਸ ਤੋਂ ਅੱਗੇ ਲੰਘ ਗਏ ਅਤੇ ਹਰਿਆਣਾ ਦਾ ਉਤਪਾਦਨ ਵੀ ਪੰਜਾਬ ਦੇ ਉਤਪਾਦਨ ਨੂੰ ਛੂਹਣ ਦੇ ਕਰੀਬ ਆ ਗਿਆ।

ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਕਣਕ ਦੀ ਭਰਪੂਰ ਫ਼ਸਲ ਹੋਣ ਦਾ ਅਨੁਮਾਨ ਲਗਾਉਣ ਲਈ ਮੌਸਮ ਦੇ ਅਨੁਕੂਲ ਹੋਣ ਤੋਂ ਇਲਾਵਾ ਕਿਸਾਨਾਂ ਵੱਲੋਂ ਖੇਤੀ ਖੋਜ ਨੂੰ ਫੁਰਤੀ ਨਾਲ ਅਪਣਾਉਣਾ ਅਤੇ ਨਵੀਆਂ ਕਾਢਾਂ ਅਮਲ ਵਿੱਚ ਲਿਆਉਣੀਆਂ ਵੀ ਸਹਾਇਕ ਹਨ। ਮਸ਼ੀਨਰੀ, ਖਾਦ, ਨਦੀਨਨਾਸ਼ਕ ਤੇ ਕੀਟਨਾਸ਼ਕ ਵਰਤਣ ਨਾਲ ਵੀ ਉਤਪਾਦਕਤਾ ਵੱਧਣ ਦੀ ਆਸ ਬੱਝੀ ਹੈ। ਡਾ. ਸਤਿਬੀਰ ਸਿੰਘ ਉਪ ਕੁਲਪਤੀ ਪੀ. ਏ. ਯੂ. ਵੱਲੋਂ ਕਿਸਾਨਾਂ ਨੂੰ ਦਿੱਤੀਆਂ ਪੀਬੀਡਬਲਿਊ-872 ਤੇ ਪੀਬੀਡਬਲਿਊ-826 ਅਤੇ ਭਾਰਤੀ ਖੇਤੀ ਖੋਜ ਸੰਸਥਾਨ (ਆਈ.ਸੀ.ਏ.ਆਰ.) ਵਲੋਂ ਵਿਕਸਿਤ ਐਚਡੀ-3386, ਐਚਡੀ-3406 ਤੇ ਐਚਡੀ-3226 ਜਿਹੀਆਂ ਕਿਸਮਾਂ ਨੂੰ ਇਸ ਸਾਲ ਕਿਸਾਨਾਂ ਵੱਲੋਂ ਵਧ-ਚੜ੍ਹ ਕੇ ਅਪਣਾਇਆ ਗਿਆ। ਆਈ.ਸੀ.ਏ.ਆਰ.- ਭਾਰਤੀ ਕਣਕ ਤੇ ਜੌਆਂ ਦੇ ਖੋਜ ਸੰਸਥਾਨ ਕਰਨਾਲ ਦੀਆਂ ਡੀਬੀਡਬਲਿਊ-327, ਡੀਬੀਡਬਲਿਊ-372, ਡੀਬੀਡਬਲਿਊ-187 ਆਦਿ ਜਿਹੀਆਂ ਕਿਸਮਾਂ ਜੋ ਗਰਮੀ ਵਧੇਰੇ ਪ੍ਰਭਾਵਿਤ ਨਹੀਂ ਹੁੰਦੀਆਂ, ਵੀ ਕਿਸਾਨਾਂ ਨੇ ਵੱਡੇ ਪੱਧਰ 'ਤੇ ਬੀਜੀਆਂ। ਇਸ ਸਾਲ ਨਵੰਬਰ ਦੇ ਅਖ਼ੀਰ ਤੱਕ ਮੌਸਮ ਖ਼ੁਸ਼ਕ ਤੇ ਖੁੱਲ੍ਹਾ ਰਹਿਣ ਕਾਰਨ ਕਿਸਾਨਾਂ ਨੇ ਗੁੱਲੀ-ਡੰਡੇ ਅਤੇ ਹੋਰ ਦੂਜੇ ਨਦੀਨਾਂ 'ਤੇ ਨਦੀਨਨਾਸ਼ਕਾਂ ਦੇ ਛਿੜਕਾਅ ਵੀ ਸਮੇਂ ਸਿਰ ਲੋੜ ਅਨੁਸਾਰ ਮਾਹਿਰਾਂ ਵਲੋਂ ਦੱਸੇ ਢੰਗ ਨਾਲ ਕੀਤੇ ਹਨ। ਇਹੋ ਨਹੀਂ ਕਿਸਾਨ ਯੂਰੀਏ ਦੇ ਚਾਰ-ਚਾਰ, ਪੰਜ-ਪੰਜ ਥੈਲੇ ਏਕੜ ਵਿੱਚ ਪਾਉਣ ਦੀ ਯੋਜਨਾ ਬਣਾ ਕੇ ਇਸ ਦੀ ਕਾਫ਼ੀ ਮਾਤਰਾ ਫ਼ਸਲ ਵਿੱਚ ਹੁਣ ਤੱਕ ਪਾ ਚੁੱਕੇ ਹਨ। ਉਨ੍ਹਾਂ ਨੇ ਘਾਟ ਦੇ ਬਾਵਜੂਦ ਡੀ.ਏ.ਪੀ. ਤੇ ਮਿਕਸਚਰਾਂ ਦਾ ਪ੍ਰਬੰਧ ਕਰਕੇ ਪੂਰੀ ਖ਼ੁਰਾਕ ਕਣਕ ਦੀ ਬਿਜਾਈ ਲਈ ਪਾਈ।

ਪੰਜਾਬ ਸਮੇਤ ਭਾਰਤ ਵਿੱਚ ਕਣਕ ਦਾ ਉਤਪਾਦਨ ਵਧਾਉਣ ਲਈ ਆਈ.ਸੀ.ਏ.ਆਰ., ਆਈ.ਏ.ਆਰ.ਆਈ. ਦੇ ਸਾਬਕਾ ਡਾਇਰੈਕਟਰ ਅਤੇ ਆਈ. ਸੀ. ਏ. ਆਰ. ਦੇ ਡਾਇਰੈਕਟਰ ਜਨਰਲ ਪ੍ਰੋ. ਐਮ. ਐਸ. ਸਵਾਮੀਨਾਥਨ ਦਾ ਬੜਾ ਯੋਗਦਾਨ ਹੈ। ਉਨ੍ਹਾਂ ਦੇ ਉਪਰਾਲਿਆਂ ਨਾਲ ਡਾ. ਨਾਰਮਨ ਈ. ਬਰਲੋਗ ਦਾ ਸਹਿਯੋਗ ਪ੍ਰਾਪਤ ਕਰਕੇ ਮੈਕਸੀਕੋ ਤੋਂ ਅੱਧ-ਮਧਰੀਆਂ ਕਿਸਮਾਂ ਨਰਮਾ ਰੋਜੋ, ਸਨੋਰਾ-64 ਆਦਿ ਲਿਆ ਕੇ ਇੱਥੇ ਅਜ਼ਮਾਇਸ਼ਾਂ ਕੀਤੀਆਂ ਅਤੇ ਪੰਜਾਬ ਤੇ ਭਾਰਤ ਦੀ ਇਸ ਸਰ-ਜ਼ਮੀਨ ਦੇ ਅਨੁਕੂਲ ਇੱਥੋਂ ਦੀਆਂ ਖੇਤਰੀ ਖੋਜ ਸੰਸਥਾਵਾਂ ਵੱਲੋਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ। ਸਾਬਕਾ ਐਗਰੀਕਲਚਰਲ ਕਮਿਸ਼ਨ ਤੇ ਪੀ.ਏ.ਯੂ. ਦੇ ਉਪ ਕੁਲਪਤੀ ਸਵ. ਡਾ. ਅਮਰੀਕ ਸਿੰਘ ਚੀਮਾ ਪ੍ਰਸਾਰ ਸੇਵਾ ਮਾਹਿਰ ਦੇ ਉਪਰਾਲਿਆਂ ਨਾਲ ਇਨ੍ਹਾਂ ਕਿਸਮਾਂ ਦਾ ਪੰਜਾਬ ਵਿੱਚ ਫੈਲਾਅ ਹੋਇਆ।


ਪੀ.ਏ.ਯੂ. ਦੇ ਡਾ. ਅਟਵਾਲ ਵੱਲੋਂ ਕਣਕ ਦੀ ਉਤਪਾਦਕਤਾ ਵਧਾਉਣ ਲਈ ਅਤੇ ਅਨੁਕੂਲ ਕਿਸਮਾਂ ਵਿਕਸਿਤ ਕਰਨ ਲਈ ਉਪਰਾਲੇ ਕੀਤੇ ਗਏ। ਸਾਬਕਾ ਮੁੱਖ ਮੰਤਰੀ ਸਵ. ਪ੍ਰਤਾਪ ਸਿੰਘ ਕੈਰੋਂ ਵੱਲੋਂ ਜੋ ਉਤਪਾਦਨ ਦੁੱਗਣਾ ਕਰਨ ਦੇ ਇਰਾਦਿਆਂ ਕਾਰਨ ਸਬਜ਼ ਇਨਕਲਾਬ ਦੀ ਭੂਮਿਕਾ ਬੱਝ ਗਈ, ਜੋ ਬਾਅਦ ਵਿੱਚ ਸਬਜ਼ ਇਨਕਲਾਬ ਦੌਰਾਨ ਕਣਕ ਉਤਪਾਦਨ ਵਧਾਉਣ ਲਈ ਕਾਰਗਰ ਹੋਈ। ਪੀ.ਏ.ਯੂ. ਦੇ ਸਾਬਕਾ ਉਪ ਕੁਲਪਤੀ ਤੇ ਕਣਕ ਦੇ ਬਰੀਡਰ ਸਵ. ਡਾ. ਖੇਮ ਸਿੰਘ ਗਿੱਲ ਦੀ ਵਧੇਰੇ ਝਾੜ ਦੇਣ ਵਾਲੀ ਡਬਲਿਊਐਲ-711 ਕਿਸਮ ਵੱਡੇ ਪੱਧਰ 'ਤੇ ਅਪਣਾਉਣ ਨਾਲ ਕਣਕ ਉਤਪਾਦਨ ਵਧਾਉਣ ਵਿੱਚ ਸਫ਼ਲਤਾ ਮਿਲੀ ਸੀ। ਭਾਵੇਂ ਛੇਤੀ ਹੀ ਇਹ ਕਿਸਮ ਕਰਨਾਲ ਬੰਟ ਜਿਹੀ ਬਿਮਾਰੀ ਦਾ ਸ਼ਿਕਾਰ ਹੋਣ ਕਾਰਨ ਕਾਸ਼ਤ ਤੋਂ ਬਾਹਰ ਹੋ ਗਈ। ਆਈ.ਸੀ.ਏ.ਆਰ., ਆਈ.ਏ.ਆਰ.ਆਈ. ਦੇ ਨਾਮਵਰ ਬਰੀਡਰ ਸਵ. ਵੀ.ਐਸ. ਮਾਥੁਰ ਨੇ ਐਚਡੀ-2329 ਕਿਸਮ ਨੇ ਪੰਜਾਬ ਦੇ ਕਣਕ ਉਤਪਾਦਨ ਵਿੱਚੋਂ ਇਨਕਲਾਬ ਲਿਆਂਦਾ। ਇਹ ਕਿਸਮ 80-90 ਫ਼ੀਸਦੀ ਮਤਵਾਤਰ 10-15 ਸਾਲ ਪੰਜਾਬ ਵਿੱਚ ਖੇਤਾਂ ਦੀ ਰਾਣੀ ਬਣ ਗਈ।

ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਕਣਕ ਉਤਪਾਦਨ ਦਾ ਸਹੀ ਅਨੁਮਾਨ ਤਾਂ ਮਾਰਚ ਮਹੀਨੇ ਹੀ ਲਾਇਆ ਜਾ ਸਕਦਾ ਹੈ। ਫਰਵਰੀ-ਮਾਰਚ ਦਾ ਮੌਸਮ ਦੱਸੇਗਾ ਕਿ ਕਣਕ ਉਤਪਾਦਨ ਲਈ ਵਾਤਾਵਰਨ ਅਨੁਕੂਲ ਰਿਹਾ ਜਾਂ ਨਹੀਂ। ਪਰ ਜੇ ਹੁਣ ਖੇਤਾਂ ਵਿੱਚ ਫ਼ਸਲ ਖੜ੍ਹੀ ਹੈ, ਉਹ ਭਰਪੂਰ ਝਾੜ ਦਾ ਸੰਦੇਸ਼ ਜ਼ਰੂਰ ਦੇ ਰਹੀ ਹੈ। ਪੰਜਾਬ ਵਿੱਚ ਭਾਵੇਂ ਕਣਕ ਦੀ ਕਾਸ਼ਤ ਹੇਠ ਇਸ ਸਾਲ ਰਕਬੇ ਵਿੱਚ ਕੋਈ ਵਾਧਾ ਨਹੀਂ ਹੋਇਆ, ਜਦਕਿ ਹੋਰ ਰਾਜਾਂ ਵਿੱਚ ਥੋੜ੍ਹਾ-ਬਹੁਤ ਰਕਬਾ ਵਧਿਆ ਹੈ। ਫਿਰ ਵੀ ਪੰਜਾਬ ਦੀ ਪ੍ਰਤੀ ਹੈਕਟੇਅਰ ਉਤਪਾਦਕਤਾ ਵਧਾ ਕੇ ਕੇਂਦਰ ਦੇ ਪੰਜਾਬ ਵੱਲੋਂ ਅੰਨ-ਭੰਡਾਰ ਵਿੱਚ ਵਧੀਆ ਯੋਗਦਾਨ ਪਾਉਣ ਦੀ ਸੰਭਾਵਨਾ ਹੈ। ਕਿਸਾਨਾਂ ਨੇ ਮਾਹਿਰਾਂ ਵੱਲੋਂ ਦਿੱਤੀਆਂ ਤਕਨੀਕਾਂ ਜਿਵੇਂ ਲੇਜ਼ਰ ਕਰਾਹਾ, ਹੈਪੀਸੀਡਰ ਆਦਿ ਦੀ ਵਰਤੋਂ ਵੀ ਕੀਤੀ ਹੈ। ਆਈ. ਏ. ਆਰ. ਆਈ. ਤੇ ਪੀ.ਏ.ਯੂ. ਨੇ ਵਿਧੀਪੂਰਵਕ ਖੋਜ ਕੇਂਦਰ ਕਿਸਾਨਾਂ ਨੂੰ ਝਾੜ ਵਧਾਉਣ ਲਈ ਸਿਫ਼ਾਰਸ਼ਾਂ ਕੀਤੀਆਂ ਹਨ, ਜਿਨ੍ਹਾਂ ਨੂੰ ਕਿਸਾਨਾਂ ਵੱਲੋਂ ਉਤਸ਼ਾਹ ਨਾਲ ਅਪਣਾਇਆ ਗਿਆ ਹੈ। ਇਸ ਤਰ੍ਹਾਂ ਇਸ ਵਾਰ ਵੀ ਖੋਜ ਤੇ ਕਣਕ ਉਤਪਾਦਨ ਵਿੱਚ ਪੰਜਾਬ ਦਾ ਵੱਡਾ ਯੋਗਦਾਨ ਹੋ ਸਕਦਾ ਹੈ।

# ਸੂਰਜਮੁਖੀ ਦੀ ਫ਼ਸਲ ਲਈ ਜੀਵਾਣੂੰ ਖਾਦ – ਮਹੱਤਤਾ ਅਤੇ ਵਰਤੋਂ

ਪ੍ਰਤਿਭਾ ਵਿਆਸ ਅਤੇ ਜੁਪਿੰਦਰ ਕੌਰ, ਮਾਈਕਰੋਬਾਇਓਲੋਜੀ ਵਿਭਾਗ,
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਮੋਬਾਇਲ : 86990-07301)

ਜੀਵਾਣੂੰ ਖਾਦ, ਉਹ ਖਾਦ ਹੁੰਦੀ ਹੈ, ਜਿਸ ਵਿੱਚ ਸੂਖਮ ਜੀਵ ਹੁੰਦੇ ਹਨ, ਅਤੇ ਜੋ ਫ਼ਸਲਾਂ ਨੂੰ ਪੌਸ਼ਟਿਕ ਤੱਤ ਮੁਹੱਈਆ ਕਰਵਾਉਂਦੇ ਹਨ। ਜੀਵਾਣੂੰ ਖਾਦਾਂ ਵਿਚਲੇ ਸੂਖਮ ਜੀਵਾਣੂੰ, ਹਵਾ ਵਿਚਲੀ ਨਾਈਟਰੋਜਨ ਜਮ੍ਹਾਂ ਕਰਨ, ਮਿੱਟੀ ਵਿਚਲੀ ਅਣਘੁੱਲੀ ਫਾਸਫੋਰਸ ਨੂੰ ਘੁਲਣਸ਼ੀਲ ਬਣਾਉਣ ਦੀ ਸਮਰੱਥਾ



ਦੇ ਨਾਲ-ਨਾਲ ਪੌਦੇ ਦੇ ਵਿਕਾਸ ਵਿੱਚ ਸਹਾਇਕ ਹਾਰਮੋਨ ਬਣਾਉਂਦੇ ਹਨ ਜੋ ਕਿ ਪੌਦਿਆਂ ਨੂੰ ਵੱਧਣ-ਫੁੱਲਣ ਵਿੱਚ ਮਦਦ ਕਰਦੇ ਹਨ। ਜੀਵਾਣੂੰ ਖਾਦਾਂ ਰਵਾਇਤੀ ਖਾਦਾਂ ਤੋਂ ਵੱਖਰਾ ਵਿਕਲਪ ਪੇਸ਼ ਕਰਦੀਆਂ ਹਨ। ਜੀਵਾਣੂੰ ਖਾਦਾਂ ਪੌਦੇ ਦੇ ਵਿਕਾਸ ਵਿੱਚ ਸਹਾਇਤਾ ਕਰਕੇ ਚਿਰ ਸਥਾਈ ਖੇਤੀਬਾੜੀ ਦੇ ਮੰਤਵ ਦੀ ਪੂਰਤੀ ਕਰ ਸਕਦੀਆਂ ਹਨ। ਇਹਨਾਂ ਦੀਆਂ ਗਤੀਵਿਧੀਆਂ ਨਾਲ ਮਿੱਟੀ ਦੀ ਸਿਹਤ ਵਿੱਚ ਸੁਧਾਰ ਦੇ ਨਾਲ-ਨਾਲ, ਫ਼ਸਲਾਂ ਦੇ ਝਾੜ ਵਿੱਚ ਵੀ ਵਾਧਾ ਹੁੰਦਾ ਹੈ। ਇਹ ਖਾਦਾਂ ਵਾਤਾਵਰਣ ਪੱਖੀ ਹੁੰਦੀਆਂ ਹਨ। ਇਸ ਕਰਕੇ, ਇਹਨਾਂ ਸੂਖਮ ਜੀਵਾਣੂੰਆਂ ਦੀ ਜੀਵਾਣੂੰ ਖਾਦ ਦੇ ਤੌਰ ਤੇ ਵਰਤੋਂ ਕਰਕੇ ਵਾਤਾਵਰਣ ਸੰਤੁਲਨ ਦੇ ਨਾਲ-ਨਾਲ ਮਿੱਟੀ ਦੀ ਸਿਹਤ ਅਤੇ ਉਪਜਾਊ ਸ਼ਕਤੀ ਵੀ ਸੁਧਾਰੀ ਜਾ ਸਕਦੀ ਹੈ।

ਸੂਰਜਮੁਖੀ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਬੇਸੀਲਸ ਉਰਿਅਸ ਐਸ ਐਲ ਈ 1 ਅਤੇ ਸੁਡੋਮੋਨਾਸ ਪੁਟੀਡਾ ਐਸ ਆਰ ਬੀ 1 ਜੀਵਾਣੂੰ ਖਾਦ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਬੇਸੀਲਸ ਉਰਿਅਸ ਐਸ ਐਲ ਈ 1 ਅਤੇ ਸੁਡੋਮੋਨਾਸ ਪੁਟੀਡਾ ਐਸ ਆਰ ਬੀ 1 ਜੀਵਾਣੂੰ ਅਣਘੁੱਲੀ ਫਾਸਫੋਰਸ ਅਤੇ ਜ਼ਿੰਕ ਨੂੰ ਘੁਲਣਸ਼ੀਲ ਰੂਪ ਵਿੱਚ ਤਬਦੀਲ ਕਰਕੇ ਅਤੇ ਪੌਦੇ ਲਈ ਫਾਈਟੋਹਾਰਮੋਨ ਬਣਾ ਕੇ ਪੌਦੇ ਦੇ ਵਿਕਾਸ ਅਤੇ ਝਾੜ ਵਿੱਚ ਵਾਧਾ ਕਰਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸੂਰਜਮੁਖੀ ਲਈ 250 ਗ੍ਰਾਮ ਜੀਵਾਣੂੰ ਖਾਦ ਦਾ ਪੈਕੇਟ ਇੱਕ ਏਕੜ ਦੇ ਬੀਜਾਂ ਲਈ 40 ਰੁਪਏ ਕੀਮਤ ਤੇ ਮੁਹੱਈਆ ਕਰਵਾਇਆ ਜਾਂਦਾ ਹੈ, ਜਿਸਨੂੰ ਬੀਜਾਂ ਨੂੰ ਲਾਉਣ ਨਾਲ ਸਰ੍ਹੋਂ ਦੇ ਝਾੜ ਵਿੱਚ ਵਾਧਾ ਹੁੰਦਾ ਹੈ।

**ਜੀਵਾਣੂੰ ਖਾਦ ਦੇ ਮੁੱਖ ਫਾਇਦੇ**

★ ਬੀਜ ਦੀ ਪੈਦਾਵਾਰ ਵਿੱਚ 5.3% ਵਾਧਾ ਹੁੰਦਾ ਹੈ।

★ ਤੇਲ ਦੀ ਪੈਦਾਵਾਰ ਵਿੱਚ 6.3% ਵਾਧਾ ਹੁੰਦਾ ਹੈ।

★ ਮਿੱਟੀ ਦੀ ਸਿਹਤ ਅਤੇ ਉਪਜਾਊ ਸ਼ਕਤੀ ਵਿੱਚ ਸੁਧਾਰ ਹੁੰਦਾ ਹੈ।

**ਜੀਵਾਣੂੰ ਖਾਦ ਵਰਤਣ ਦੇ ਢੰਗ**

1. ਸੂਰਜਮੁਖੀ ਦੇ ਇੱਕ ਏਕੜ ਬੀਜ ਨੂੰ ਸਾਫ ਫਰਸ਼/ਪੌਲੀਥੀਨ ਸ਼ੀਟ ਤੇ ਵਿਛਾ ਕੇ ਘੱਟੋ-ਘੱਟ ਸਾਫ ਪਾਣੀ (50-100 ਮਿਲੀਲੀਟਰ) ਨਾਲ ਗਿੱਲਾ ਕਰੋ।
2. ਜੀਵਾਣੂੰ ਖਾਦ ਨੂੰ ਬੀਜ ਨਾਲ ਚੰਗੀ ਤਰ੍ਹਾਂ ਰਲਾ ਲਓ।
3. ਬੀਜ ਨੂੰ ਸੁਕਾ ਲਓ ਅਤੇ ਜਿਨ੍ਹਾਂ ਛੇਤੀ ਹੀ ਸਕੇ ਬਿਜਾਈ ਕਰ ਲਓ।

**ਜੀਵਾਣੂੰ ਖਾਦ ਵਰਤਣ ਸਮੇਂ ਸਾਵਧਾਨੀਆਂ**

★ ਫ਼ਸਲ ਦੇ ਲਈ ਹਮੇਸ਼ਾ ਸਿਫ਼ਾਰਸ਼ ਕੀਤੀ ਜੀਵਾਣੂੰ ਖਾਦ ਦੀ ਹੀ ਵਰਤੋਂ ਕਰੋ।

★ ਜੀਵਾਣੂੰ ਖਾਦਾਂ ਨੂੰ ਮਿਆਦ (3 ਮਹੀਨੇ) ਪੁੱਗਣ ਤੋਂ ਪਹਿਲਾਂ ਵਰਤੋਂ।

★ ਜੀਵਾਣੂ ਖਾਦ ਵਾਲਾ ਲਿਫਾਫਾ ਧੁੱਪ ਅਤੇ ਗਰਮੀ ਤੋਂ ਦੂਰ ਠੰਢੀ ਥਾਂ ਤੇ ਰੱਖੋ।

★ ਜੀਵਾਣੂੰ ਖਾਦ ਲਗਾਉਣ ਤੋਂ ਬਾਅਦ ਬਿਜਾਈ ਛੇਤੀ ਕਰ ਦੇਣੀ ਚਾਹੀਦੀ ਹੈ।

★ ਜੀਵਾਣੂੰ ਖਾਦ ਨੂੰ ਰਸਾਇਣਕ ਕੀਟਨਾਸ਼ਕਾਂ ਦੇ ਨਾਲ ਨਾ ਮਿਲਾਓ।

**ਜੀਵਾਣੂੰ ਖਾਦ ਦੀ ਉਪਲਬਧਤਾ** : ਜੀਵਾਣੂੰ ਖਾਦਾਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਾਇਓਲੋਜੀ ਵਿਭਾਗ, ਬੀਜਾਂ ਦੀ ਦੁਕਾਨ, ਗੇਟ ਨੰ: 1 ਅਤੇ ਵੱਖ-ਵੱਖਰੇ ਜ਼ਿਲ੍ਹਿਆਂ ਵਿੱਚ ਸਥਿਤ ਕ੍ਰਿਸ਼ੀ ਵਿਗਿਆਨ/ਫਾਰਮ ਸਲਾਹਕਾਰ ਕੇਂਦਰਾਂ ਤੋਂ ਮਿਲਦੀਆਂ ਹਨ। ਜੀਵਾਣੂੰ ਖਾਦਾਂ ਦੀ ਵਧੇਰੇ ਜਾਣਕਾਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੇ ਮਾਈਕਰੋਬਾਇਓਲੋਜੀ ਵਿਭਾਗ ਵਿੱਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ।



# ਪੰਜਾਬ ਦੀ ਮਿੱਟੀ ਨੂੰ ਮੁੜ ਸਜੀਵ ਤੇ ਉਪਜਾਊ ਬਣਾਉਣ ਦੀ ਲੋੜ


ਗੁਰੂ ਨਾਨਕ ਦੇਵ ਜੀ ਦੇ ਅਮਰ ਬਚਨ- ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਹਾਨ ਮਾਤਾ ਵਜੋਂ ਦਰਸਾਉਂਦੇ ਹਨ। ਰਾਸ਼ਟਰੀ ਗੀਤ ਵੰਦੇ ਮਾਤਰਮ ਵੀ ਭਾਰਤ ਨੂੰ ਵਹਿੰਦੀਆਂ ਨਦੀਆਂ ਤੇ ਹਰਿਆਲੀ ਨਾਲ ਭਰਪੂਰ ਧਰਤੀ ਵਜੋਂ ਸਲਾਮ ਕਰਦਾ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਅਸੀਂ ਵੰਦੇ ਮਾਤਰਮ ਦਾ 150ਵਾਂ ਸਾਲ ਮਨਾ ਰਹੇ ਹਾਂ ਤਾਂ ਸਾਡੇ ਪੈਰਾਂ ਹੇਠਾਂ ਦੀ ਮਿੱਟੀ ਇੱਕ ਡਰਾਉਣੀ ਹਕੀਕਤ ਬਿਆਨ ਕਰ ਰਹੀ ਹੈ। ਕਦੇ ਖੁਰਾਕ ਸੁਰੱਖਿਆ ਤੇ ਪਿੰਡਾਂ ਦੀ ਖੁਸ਼ਹਾਲੀ ਦੀ ਨੀਂਹ ਰਹੀ ਮਿੱਟੀ ਅੱਜ ਥੱਕ ਚੁੱਕੀ ਹੈ ਤੇ ਪ੍ਰਦੂਸ਼ਿਤ ਹੋ ਕੇ ਭਿਆਨਕ ਤੌਰ 'ਤੇ ਅਸੰਤੁਲਿਤ ਹੋ ਗਈ ਹੈ। ਇਸ ਸਚਾਈ ਦਾ ਸਭ ਤੋਂ ਵਿਗੜਿਆ ਰੂਪ ਪੰਜਾਬ ਵਿੱਚ ਵੇਖਣ ਨੂੰ ਮਿਲ ਰਿਹਾ ਹੈ- ਜੋ ਭਾਰਤ ਦੀ ਪਹਿਲੀ ਹਰੀ ਕ੍ਰਾਂਤੀ ਦਾ ਕੇਂਦਰ ਸੀ। ਅਸੀਂ ਲੋੜੀਂਦੀਆਂ ਸੜਕਾਂ, ਫੈਕਟਰੀਆਂ ਤੇ ਰੋਜ਼ੀ-ਰੋਟੀ ਕਮਾਉਣ ਦੀ ਦੌੜ ਵਿੱਚ ਇੱਕ ਸਾਧਾਰਣ ਸੱਚ ਭੁੱਲ ਗਏ। ਜੋ ਵਿਕਾਸ ਹਵਾ (ਦਿੱਲੀ ਤੋਂ ਉੱਤਰੀ ਰਾਜਾਂ ਤੱਕ ਬੇਹੱਦ ਖ਼ਰਾਬ ਹਵਾ ਗੁਣਵੱਤਾ ਸੂਚਕਾਂਕ), ਪਾਣੀ ਤੇ ਮਿੱਟੀ ਨੂੰ ਨੁਕਸਾਨ ਪਹੁੰਚਾਉਂਦਾ ਹੈ, ਉਹ ਮਨੁੱਖ, ਪਸ਼ੂ, ਪੰਛੀਆਂ ਤੇ ਸੂਖਮ ਜੀਵਾਂ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ। ਜਲਵਾਯੂ ਪਰਿਵਰਤਨ ਤੇ ਪ੍ਰਦੂਸ਼ਣ ਹੁਣ ਚਿਤਾਵਨੀਆਂ ਨਹੀਂ- ਸਗੋਂ ਜ਼ਹਿਰੀਲੇ ਭੂ-ਜਲ, ਘੱਟਦੀ ਖੇਤੀ ਉਤਪਾਦਕਤਾ ਤੇ ਵੱਧ ਰਹੀਆਂ ਬਿਮਾਰੀਆਂ ਦੇ ਰੂਪ ਵਿੱਚ ਸਾਡੀ ਰੋਜ਼ਾਨਾ ਦੀ ਹਕੀਕਤ ਬਣ ਚੁੱਕੇ ਹਨ। ਅਸੀਂ ਜੀਵਨ ਦੇ ਅਧਿਕਾਰ ਨਾਲ ਜੁੜੇ ਸਾਫ ਵਾਤਾਵਰਨ ਦੇ ਹੱਕ ਤੋਂ ਵਾਂਝੇ ਹਾਂ।

### ਪੰਜਾਬ ਦੇ ਤਾਜ਼ਾ ਸਬੂਤ ਖ਼ਤਰਨਾਕ ਹਨ

ਕੇਂਦਰੀ ਭੂ-ਜਲ ਬੋਰਡ ਦੀ ਸਾਲਾਨਾ ਰਿਪੋਰਟ 2025 ਦੇ ਨਤੀਜੇ ਬਹੁਤ ਚਿੰਤਾਜਨਕ ਹਨ। ਜਿਸ ਵਿੱਚ ਪੰਜਾਬ ਭਾਰਤ ਦਾ ਸਭ ਤੋਂ ਜ਼ਿਆਦਾ ਪ੍ਰਭਾਵਿਤ ਰਾਜ ਬਣ ਕੇ ਸਾਹਮਣੇ ਆਇਆ ਹੈ। ਮੌਨਸੂਨ ਤੋਂ ਬਾਅਦ ਇਕੱਠੇ ਕੀਤੇ ਗਏ ਪਾਣੀ ਦੇ 62.5 ਫ਼ੀਸਦੀ ਨਮੂਨਿਆਂ ਵਿੱਚ ਯੂਰੇਨੀਅਮ ਦੀ ਮਾਤਰਾ ਨਿਰਧਾਰਿਤ ਹੱਦ 30 ਫ਼ੀਸਦੀ ਪ੍ਰਤੀ ਅਰਬ ਤੋਂ ਵੱਧ ਪਾਈ ਗਈ- ਜੋ 2024 ਵਿੱਚ 32.6 ਫ਼ੀਸਦੀ ਸੀ। ਇਹ ਇੱਕ ਸਾਲ ਦੌਰਾਨ 91.7 ਫ਼ੀਸਦੀ ਦਾ ਡਰਾਉਣਾ ਵਾਧਾ ਹੈ। ਸੂਬੇ ਦੇ 23 ਵਿੱਚੋਂ 16 ਜ਼ਿਲ੍ਹੇ ਪ੍ਰਦੂਸ਼ਿਤ ਖੇਤਰਾਂ ਵਿੱਚ ਆ ਗਏ ਹਨ, ਜਿੱਥੇ ਸੰਗਰੂਰ ਤੇ ਬਠਿੰਡਾ ਵਿੱਚ ਯੂਰੇਨੀਅਮ 200 ਫ਼ੀਸਦੀ ਪ੍ਰਤੀ ਅਰਬ ਤੋਂ ਵੀ ਵੱਧ ਹੈ। ਇਹ ਸਿਰਫ਼ ਵਾਤਾਵਰਨ ਦੀ ਸਮੱਸਿਆ ਨਹੀਂ, ਸਗੋਂ ਜਨਤਕ ਸਿਹਤ ਦੀ ਐਮਰਜੈਂਸੀ ਹੈ। ਵਧੇਰੇ ਯੂਰੇਨੀਅਮ ਗੁਰਦਿਆਂ ਦੀ ਬਿਮਾਰੀ ਤੇ ਕੈਂਸਰ ਨਾਲ ਜੁੜਿਆ ਹੋਇਆ ਹੈ, ਜਦਕਿ ਨਾਈਟ੍ਰੇਟ ਤੇ ਫਲੂਓਰਾਈਡ ਦੀ ਵਾਧੂ ਮਾਤਰਾ ਬੱਚਿਆਂ ਦੀ ਬਿਮਾਰੀ ਤੇ ਹੱਡੀਆਂ ਦੇ ਰੋਗ ਵਧਾਉਂਦੀ ਹੈ। ਖਾਰਾਪਣ ਤੇ ਬਚੀ ਹੋਈ ਸੋਡੀਅਮ ਕਾਰਬੋਨੇਟ ਉਪਜਾਊ ਧਰਤੀ ਨੂੰ ਬਾਂਝ ਬਣਾ ਰਹੇ ਹਨ।

### ਪੂਰੀ ਪ੍ਰਣਾਲੀ ਲਈ ਸੰਕਟ

ਰਸਾਇਣਕ ਪਦਾਰਥਾਂ ਦੀ ਜ਼ਿਆਦਾ ਵਰਤੋਂ ਸਥਿਤੀ ਨੂੰ ਹੋਰ ਗੰਭੀਰ ਬਣਾ ਰਹੀ ਹੈ। ਪੰਜਾਬ ਵਿੱਚ ਖਾਦ ਦੀ ਵਰਤੋਂ 247.61 ਕਿਲੋਗ੍ਰਾਮ ਪ੍ਰਤੀ ਹੈਕਟਰ ਹੈ- ਜੋ ਰਾਸ਼ਟਰੀ ਔਸਤ ਤੋਂ ਲਗਭਗ ਦੁੱਗਣੀ ਹੈ। ਪੰਜਾਬ ਕੀਟਨਾਸ਼ਕਾਂ ਦੀ 77 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਵਰਤੋਂ ਨਾਲ ਦੇਸ਼ ਦੇ ਸਭ ਤੋਂ ਵੱਡੇ ਖਪਤਕਾਰਾਂ ਵਿੱਚ ਸ਼ਾਮਲ ਹੈ। ਜਿਹੜੀ ਖਾਦ ਕਦੇ ਭਰਪੂਰ ਫ਼ਸਲਾਂ ਲਿਆਉਂਦੀ ਸੀ, ਉਹ ਅੱਜ ਮਿੱਟੀ ਦੀ ਜੈਵਿਕ ਕਾਰਬਨ ਨੂੰ ਘਟਾ ਕੇ ਸੂਖਮ ਜੀਵਨ ਨੂੰ ਨਸ਼ਟ ਕਰਕੇ ਖੁਰਾਕ ਲੜੀ ਨੂੰ ਪ੍ਰਦੂਸ਼ਿਤ ਕਰ ਰਹੀ ਹੈ। ਸਾਲਾਨਾ ਖਾਦ ਸਬਸਿਡੀ ਦਾ ਬੋਝ 2 ਲੱਖ ਕਰੋੜ ਰੁਪਏ ਤੋਂ ਵੱਧ ਕਰ ਚੁੱਕਾ ਹੈ- ਜਦਕਿ ਉਤਪਾਦਕਤਾ ਵਿੱਚ ਵਾਧਾ ਉਸ ਅਨੁਸਾਰ ਨਹੀਂ ਹੈ। ਵਿਕਸਿਤ ਭਾਰਤ ਦਾ ਸੁਪਨਾ ਜ਼ਹਿਰੀਲੇ ਪਾਣੀ ਤੇ ਬੀਮਾਰ ਮਿੱਟੀ ਨਾਲ ਨਹੀਂ ਬਣ ਸਕਦਾ। ਬਠਿੰਡਾ, ਮਾਨਸਾ ਤੇ ਲੁਧਿਆਣਾ ਵਰਗੇ ਜ਼ਿਲ੍ਹਿਆਂ ਵਿੱਚ ਲਗਭਗ 60 ਫ਼ੀਸਦੀ ਮਿੱਟੀ ਦੇ ਨਮੂਨਿਆਂ ਵਿੱਚ ਜ਼ਹਿਰੀਲੇ ਕੀਟਨਾਸ਼ਕਾਂ ਦੇ ਅਵਸ਼ੇਸ਼ ਮਿਲੇ ਹਨ - ਜਿਨ੍ਹਾਂ ਵਿੱਚੋਂ ਕੁੱਝ ਰਸਾਇਣ ਕਾਫ਼ੀ ਸਮੇਂ ਤੋਂ ਖ਼ਤਰਨਾਕ ਐਲਾਨੇ ਜਾ ਚੁੱਕੇ ਹਨ। ਇਹ ਜ਼ਹਿਰ ਖੇਤਾਂ ਤੱਕ ਸੀਮਿਤ ਨਹੀਂ ਰਹਿੰਦੇ ਅਤੇ ਪਾਣੀ ਤੇ ਖੁਰਾਕ ਰਾਹੀਂ ਸਰੀਰਾਂ ਵਿੱਚ ਦਾਖਲ ਹੋ ਕੇ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਕਮਜ਼ੋਰ ਕਰਦੇ ਹਨ ਤੇ ਆਉਣ ਵਾਲੀਆਂ ਪੀੜ੍ਹੀਆਂ 'ਤੇ ਜੈਨੇਟਿਕ ਤੇ



ਡਾ. ਅੰਮ੍ਰਿਤ ਸਾਗਰ ਮਿੱਤਲ
ਵਾਈਸ ਚੇਅਰਮੈਨ ਸੋਨਾਲੀਕਾ

ਮੈਟਾਬੋਲਿਕ ਖ਼ਤਰੇ ਛੱਡ ਜਾਂਦੇ ਹਨ। ਇਸ ਦੀ ਸਭ ਤੋਂ ਵੱਧ ਮਾਰ ਕਿਸਾਨ ਤੇ ਪਿੰਡਾਂ ਵਿੱਚ ਰਹਿਣ ਵਾਲਿਆਂ ਨੂੰ ਸਹਿਣੀ ਪੈਂਦੀ ਹੈ, ਕਿਉਂਕਿ ਇਹ ਜ਼ਮੀਨ ਦੇ ਸਭ ਤੋਂ ਨੇੜੇ ਰਹਿੰਦੇ ਹਨ।

### ਨਿਯਮਕ ਅੰਨ੍ਹੇ ਧੱਬੇ

ਭਾਰਤ ਦੀ ਕੀਟਨਾਸ਼ਕ ਕੰਟਰੋਲ ਪ੍ਰਣਾਲੀ ਅਜੇ ਵੀ ਪੁਰਾਣੇ ਸਮੇਂ ਵਿੱਚ ਫਸੀ ਹੋਈ ਹੈ। 1968 ਦਾ ਕੀਟਨਾਸ਼ਕ ਕਾਨੂੰਨ ਤੇ 1971 ਦੇ ਨਿਯਮ ਅੱਜ ਦੀ ਹਕੀਕਤ ਲਈ ਬਿਲਕੁਲ ਢੁੱਕਵੇਂ ਨਹੀਂ ਹਨ। ਭਾਵੇਂ 2020 ਦਾ ਕੀਟਨਾਸ਼ਕ ਪ੍ਰਬੰਧਨ ਬਿੱਲ ਨੀਅਤ ਪੱਖੋਂ ਵਧੀਆ ਹੈ, ਪਰ ਇਸ ਵਿੱਚ ਕਿਸਾਨਾਂ ਦੀ ਸੁਰੱਖਿਆ, ਢੁੱਕਵਾਂ ਲੇਬਲਿੰਗ ਮਿਆਰ, ਸ਼ਿਕਾਇਤ ਨਿਵਾਰਨ ਪ੍ਰਣਾਲੀ ਤੇ ਛੋਟੇ ਕਿਸਾਨਾਂ ਲਈ ਸੁਰੱਖਿਅਤ ਸਾਮਾਨ ਦੀ ਲਾਜ਼ਮੀ ਵਿਵਸਥਾ ਦੀ ਕਮੀ ਹੈ। ਤਾਲੀਮ ਵੀ ਨਾਕਾਫ਼ੀ ਰਹੀ ਹੈ। ਲਗਭਗ 3 ਦਹਾਕਿਆਂ ਵਿੱਚ ਦੇਸ਼ ਦੇ 15 ਕਰੋੜ ਤੋਂ ਵੱਧ ਕਿਸਾਨਾਂ ਵਿੱਚੋਂ 6 ਲੱਖ ਤੋਂ ਘੱਟ ਕਿਸਾਨਾਂ ਨੂੰ ਹੀ ਢੁਕਵੀਂ ਕੀਟ ਪ੍ਰਬੰਧਨ ਦੀ ਤਾਲੀਮ ਕੀਤੀ ਹੈ। ਰਸਾਇਣਕ ਕੰਪਨੀਆਂ ਦੀ ਮਾਰਕੀਟਿੰਗ ਅਜਿਹੀ ਹੈ, ਜਿੱਥੇ ਵਿਕਰੇਤਾ ਅਕਸਰ ਕਿਸਾਨਾਂ ਦੇ ਮੁੱਖ ਤੇ ਗਲਤ-ਸਲਾਹਕਾਰ ਬਣ ਜਾਂਦੇ ਹਨ। ਪਰ ਇਹ ਸਿਰਫ਼ ਫ਼ਸਲਾਂ ਨਹੀਂ, ਸਗੋਂ ਨਸਲਾਂ ਦਾ ਸਵਾਲ ਹੈ।

### ਮਿੱਟੀ ਦੀ ਸਮਝ-ਭਵਿੱਖ ਦੀ ਕੁੰਜੀ

ਪੰਜਾਬ ਦੀ ਖੇਤੀ ਦਾ ਪੁਨਰਉਥਾਨ ਉਤਪਾਦਕਤਾ ਛੱਡਣ ਵਿੱਚ ਨਹੀਂ, ਸਗੋਂ ਉਸ ਦੀ ਨੀਂਹ ਬਦਲਣ ਵਿੱਚ ਹੈ। ਭਵਿੱਖ ਦੀ ਖੇਤੀ ਜਾਂਚ-ਅਧਾਰਿਤ, ਜੀਵ ਵਿਗਿਆਨ-ਕੇਂਦਰਿਤ ਤੇ ਡਿਜ਼ੀਟਲ ਤਕਨੀਕ ਨਾਲ ਲੈਸ ਹੋਣੀ ਚਾਹੀਦੀ ਹੈ। ਮਿੱਟੀ ਸਿਹਤ ਕਾਰਡ ਯੋਜਨਾ ਨੇ ਸਾਬਤ ਕੀਤਾ ਕਿ ਅੰਕੜਿਆਂ 'ਤੇ ਆਧਾਰਿਤ ਪੋਸ਼ਕ ਪ੍ਰਬੰਧਨ ਕੰਮ ਕਰਦਾ ਹੈ। ਹੁਣ ਪੰਜਾਬ ਨੂੰ ਇੱਕ ਡਿਜ਼ੀਟਲ ਮਿੱਟੀ ਸਿਹਤ ਮਿਸ਼ਨ ਦੀ ਲੋੜ ਹੈ, ਜੋ ਉਪਗ੍ਰਹਿ ਤਸਵੀਰਾਂ, ਮਸਨੂਈ ਬੁੱਧੀ ਵਿਸ਼ਲੇਸ਼ਣ, ਮੌਸਮੀ ਮਾਡਲ ਤੇ ਰੀਅਲ-ਟਾਈਮ ਮਿੱਟੀ ਸੰਵੇਦਕਾਂ ਨੂੰ ਜੋੜ ਕੇ ਖੇਤ ਪੱਧਰ 'ਤੇ ਸਲਾਹ ਦੇ ਸਕੇ। ਕਿਸਾਨ ਉਤਪਾਦਕ ਸੰਗਠਨਾਂ, ਪਿੰਡਾਂ ਦੇ ਨੌਜਵਾਨਾਂ ਤੇ ਮਹਿਲਾਂ ਸਮੂਹਾਂ ਦੁਆਰਾ ਚਲਾਏ ਜਾਣ ਵਾਲੇ ਸਥਾਨਕ ਮਿੱਟੀ ਜਾਂਚ ਕੇਂਦਰ ਮਿੱਟੀ ਜਾਂਚ ਨੂੰ ਇੱਕ ਰਸਮੀ ਕਾਰਵਾਈ ਤੋਂ ਲਗਾਤਾਰ ਪ੍ਰਣਾਲੀ ਵਿੱਚ ਬਦਲ ਸਕਦੇ ਹਨ। ਉਸੇ ਤਰ੍ਹਾਂ, ਮਿੱਟੀ ਦੇ ਜੀਵਾਣੂ ਤੰਤ੍ਰ ਦੀ ਮੁੜ ਬਹਾਲੀ ਬਹੁਤ ਜ਼ਰੂਰੀ ਹੈ। ਦਹਾਕਿਆਂ ਤੋਂ ਰਸਾਇਣਾਂ ਦੀ ਵਰਤੋਂ ਨੇ ਮਿੱਟੀ ਦਾ ਉਹ ਸੂਖਮ ਜੀਵਨ ਤੋੜ ਦਿੱਤਾ ਹੈ, ਜੋ ਪੋਸ਼ਕ ਤੱਤਾਂ ਦੇ ਚੱਕਰ, ਨਮੀ ਸੰਭਾਲ ਤੇ ਪੌਦਿਆਂ ਦੀ ਤਾਕਤ ਲਈ ਲਾਜ਼ਮੀ ਹੈ। ਢੁੱਕਵਾਂ ਪੋਸ਼ਕ ਪ੍ਰਬੰਧਨ, ਜਿਸ ਵਿੱਚ ਰਸਾਇਣਕ, ਜੈਵਿਕ ਤੇ ਜੀਵ-ਆਧਾਰਿਤ ਪਦਾਰਥ ਸਹੀ ਜਾਂਚ ਦੇ ਆਧਾਰ 'ਤੇ ਵਰਤੇ ਜਾਣ ਖ਼ਰਚ ਘਟਾ ਸਕਦਾ ਹੈ, ਰਿਸਾਅ ਰੋਕ ਕੇ ਲੰਬੇ ਸਮੇਂ ਦੀ ਉਪਜਾਊ ਸ਼ਕਤੀ ਨੂੰ ਵਾਪਸ ਲਿਆਂਦਾ ਜਾ ਸਕਦਾ ਹੈ। ਇੱਥੇ ਜੀਵ ਉਤਸ਼ਾਹਕ ਇੱਕ ਮਜ਼ਬੂਤ ਪੁਲ ਬਣ ਸਕਦੇ ਹਨ। ਸਮੁੰਦਰੀ ਘਾਹ ਦੇ ਅਰਕ, ਪ੍ਰੋਟੀਨ ਹਾਈਡ੍ਰੋਲੇਸੇਟ ਤੋਂ ਲਾਭਕਾਰੀ ਜੀਵਾਣੂ ਵਰਗੇ ਵਾਤਾਵਰਨ ਮਿੱਤਰ ਪਦਾਰਥ ਮਿੱਟੀ ਨੂੰ ਨੁਕਸਾਨ ਪਹੁੰਚਾਏ ਬਗੈਰ ਪੌਦਿਆਂ ਦੀ ਸਮਰੱਥਾ ਨੂੰ ਵਧਾਉਂਦੇ ਹਨ। ਭਾਰਤ ਦਾ ਜੂਨ 2025 ਤੋਂ ਖਾਦ ਕੰਟਰੋਲ ਆਦੇਸ਼ ਅਧੀਨ ਜੀਵ ਉਤਸ਼ਾਹਕਾਂ ਨੂੰ ਨਿਯਮਿਤ ਕਰਨ ਦਾ ਫ਼ੈਸਲਾ ਕਿਸਾਨਾਂ ਦਾ ਭਰੋਸਾ ਤੇ ਗੁਣਵੱਤਾ ਨੂੰ ਯਕੀਨੀ ਬਣਾਉਂਦਾ ਹੈ।

### ਅੱਗੇ ਦਾ ਰਾਹ

ਪੰਜਾਬ ਦੀ ਖੇਤੀ ਪੁਨਰ ਜਾਗਰਣ ਨੂੰ ਨੁਕਤਿਆਂ ਵਿੱਚ ਨਹੀਂ, ਸਗੋਂ ਰਾਸ਼ਟਰੀ ਮਿਸ਼ਨ ਵਜੋਂ ਲਾਗੂ ਕਰਨ ਦੀ ਲੋੜ ਹੈ। ਪਹਿਲਾ, ਨੀਤੀਆਂ ਨੂੰ ਸਿਰਫ਼ ਉਪਜਾਊ ਮਿੱਟੀ ਦੀ ਬਹਾਲੀ ਨੂੰ ਕਾਰਬਨ ਕ੍ਰੈਡਿਟ, ਤਰਜੀਹੀ ਕਰਜ਼ਾ ਤੇ ਜੈਵਿਕ ਕਾਰਬਨ ਸੁਧਾਰ ਨਾਲ ਜੁੜੇ ਲਾਭਾਂ ਰਾਹੀਂ ਉਤਸ਼ਾਹਿਤ ਕਰਨਾ ਹੋਵੇਗਾ। ਦੂਜਾ, ਕਿਸਾਨ ਤਾਲੀਮ, ਲਾਜ਼ਮੀ ਸੁਰੱਖਿਆ ਨਿਯਮ ਤੇ ਪਾਰਦਰਸ਼ੀ ਅੰਕੜਾ ਪ੍ਰਣਾਲੀ ਵਿੱਚ ਵੱਡਾ ਨਿਵੇਸ਼ ਕਰਨਾ ਹੋਵੇਗਾ। ਤੀਜਾ, ਖੋਜ ਸੰਸਥਾਵਾਂ ਨੂੰ ਫ਼ਸਲ-ਵਿਸ਼ੇਸ਼ ਜੈਵਿਕ ਹੱਲ ਤੇਜ਼ੀ ਨਾਲ ਵਿਕਸਿਤ ਕਰਨੇ ਹੋਣਗੇ। ਅੰਤ ਵਿੱਚ ਖੇਤੀ-ਰਹਿੰਦ-ਖੂੰਹਦ, ਸਮੁੰਦਰੀ ਘਾਹ ਤੇ ਜੈਵਿਕ ਅਵਸ਼ੇਸ਼ਾਂ 'ਤੇ ਆਧਾਰਿਤ ਪਿੰਡਾਂ ਦੇ ਜੀਵ-ਅਰਥਤੰਤਰ ਕੇਂਦਰ ਰੁਜ਼ਗਾਰ ਵੀ ਪੈਦਾ ਕਰਨਗੇ ਤੇ ਸਾਫ਼ ਪਦਾਰਥ ਵੀ ਮੁਹੱਈਆ ਕਰਵਾਉਣਗੇ। ਪੰਜਾਬ ਨੇ ਹਰੀ ਕ੍ਰਾਂਤੀ ਦੌਰਾਨ ਭਾਰਤ ਨੂੰ ਪਾਲਿਆ ਸੀ, ਅੱਜ ਉਸ ਨੂੰ ਹਰੀ ਕ੍ਰਾਂਤੀ 2.0 ਦੀ ਅਗਵਾਈ ਕਰਨੀ ਹੋਵੇਗੀ - ਜੋ ਪੁਨਰਜਨਮਕ, ਜਲਵਾਯੂ-ਸਹਿਣਸ਼ੀਲ ਤੇ ਜੀਉਂਦੀ ਮਿੱਟੀ 'ਤੇ ਆਧਾਰਿਤ ਹੋਵੇ। ਜਦੋਂ ਮਿੱਟੀ ਠੀਕ ਹੋਵੇਗੀ ਤਾਂ ਕਿਸਾਨ ਖੁਸ਼ਹਾਲ ਹੋਵੇਗਾ, ਖਪਤਕਾਰ ਸਿਹਤਮੰਦ ਰਹੇਗਾ ਤੇ ਦੇਸ਼ ਮਜ਼ਬੂਤ ਬਣੇਗਾ। 'ਮਿੱਟੀ ਬਚੇਗੀ, ਤਾਂ ਹੀ ਭਵਿੱਖ ਬਚੇਗਾ।'

(ਲੇਖਕ ਕੈਬਨਿਟ ਮੰਤਰੀ ਰੈਂਕ ਵਿੱਚ ਪੰਜਾਬ ਇਕਨਾਮਿਕ ਪਾਲਸੀ ਤੇ ਪਲਾਨਿੰਗ ਬੋਰਡ ਦੇ ਵਾਈਸ ਚੇਅਰਮੈਨ ਵੀ ਹਨ)।

---

**ਕਣਕ-ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਨਿਕਲਣ ਲੱਗੇ ਕਿਸਾਨ**

# ਹੁਣ ਸੁੱਕੇ ਮੇਵੇ ਪਾ ਕੇ ਬਣਾਇਆ ਜਾ ਰਿਹਾ ਹੈ ਗੁੜ; ਘੁਲਾੜਾਂ 'ਤੇ ਜੁੜਨ ਲੱਗੀ ਭੀੜ

ਕਿਸਾਨ ਹੁਣ ਆਪਣੀ ਆਮਦਨ ਵਧਾਉਣ ਲਈ ਝੋਨੇ-ਕਣਕ ਦੇ ਫ਼ਸਲੀ ਚੱਕਰ ਤੋਂ ਹਟ ਕੇ ਵੱਧ ਮੁਨਾਫ਼ੇ ਵਾਲੀਆਂ ਫ਼ਸਲਾਂ ਬੀਜਣ ਵੱਲ ਮੁੜਨ ਲੱਗੇ ਹਨ।



ਕਿਸਾਨਾਂ ਦਾ ਝੁਕਾਅ ਗੰਨੇ ਦੀ ਫ਼ਸਲ ਵੱਲ ਵਧੇਰੇ ਹੋ ਗਿਆ ਹੈ। ਗੰਨੇ ਤੋਂ ਬਣੇ ਗੁੜ ਨੂੰ ਵੇਚ ਕੇ ਕਿਸਾਨ ਚੰਗਾ ਮੁਨਾਫ਼ਾ ਕਮਾ ਰਹੇ ਹਨ। ਸਰਦੀ ਸ਼ੁਰੂ ਹੁੰਦੇ ਹੀ ਗੰਨੇ ਦੇ ਰਸ ਤੋਂ ਬਣੇ ਸਾਦੇ ਗੁੜ ਸ਼ੱਕਰ ਅਤੇ ਤਿਲ-ਮੂੰਗਫਲੀ ਆਦਿ ਸੁੱਕੇ ਮੇਵਿਆਂ ਤੋਂ ਬਣੇ ਗੁੜ ਦੀਆਂ ਟਿੱਕੀਆਂ ਖ਼ਰੀਦਣ ਲਈ ਘੁਲਾੜਾਂ 'ਤੇ ਦਸੰਬਰ ਤੋਂ ਹੀ ਲੋਕਾਂ ਦੀ ਭੀੜ ਜੁੜਨ ਲੱਗ ਜਾਂਦੀ ਹੈ। ਘੁਲਾੜ ਸੰਚਾਲਕ ਹਰਮਨਦੀਪ ਸਿੰਘ ਸੰਗਾਲਾ ਨੇ ਦੱਸਿਆ ਕਿ ਸਰਦੀ ਸ਼ੁਰੂ ਹੁੰਦਿਆਂ ਹੀ ਗੁੜ ਸ਼ੱਕਰ ਬਣਾਉਣ ਦਾ ਦੌਰ ਸ਼ੁਰੂ ਹੋ ਜਾਂਦਾ ਹੈ ਜੋ ਵਿਸਾਖੀ ਤੱਕ ਜਾਰੀ ਰਹਿੰਦਾ ਹੈ। ਇਸ ਸਮੇਂ ਘੁਲਾੜ 'ਤੇ ਸਥਾਨਕ ਗੁੜ ਅਤੇ ਸ਼ੱਕਰ 100 ਰੁਪਏ ਪ੍ਰਤੀ ਕਿਲੋ ਵਿਕ ਰਹੀ ਹੈ। ਪਿਛਲੇ ਕੁੱਝ ਸਾਲਾਂ ਤੋਂ ਦੇਸੀ ਗੁੜ ਬਣਾਉਣ ਦੀ ਵਿਧੀ ਵਿੱਚ ਸੁੱਕੇ ਮੇਵੇ ਜਿਵੇਂ ਮੂੰਗਫਲੀ, ਤਿਲ, ਕਾਜੂ, ਕਿਸ਼ਮਿਸ਼, ਬਦਾਮ ਆਦਿ ਨੂੰ ਸ਼ਾਮਲ ਕਰਨ ਦਾ ਰੁਝਾਨ ਵੀ ਵੱਧਦਾ ਜਾ ਰਿਹਾ ਹੈ। ਸੁੱਕੇ ਮੇਵੇ ਪਾ ਕੇ ਤਿਆਰ ਕੀਤਾ ਗੁੜ, ਲੱਡੂ ਅਤੇ ਟਿੱਕੀਆਂ ਆਦਿ ਵੰਨਗੀ ਦੇ ਹਿਸਾਬ ਨਾਲ ਵਿਕ ਰਿਹਾ ਹੈ। ਕਿਸਾਨ ਰਾਜਵਿੰਦਰ ਸਿੰਘ ਖੜਕੇਵਾਲ ਨੇ ਦੱਸਿਆ ਕਿ ਗੰਨੇ ਤੋਂ ਗੁੜ ਬਣਾ ਕੇ ਵੇਚਣ ਨਾਲ ਕਿਸਾਨਾਂ ਨੂੰ ਗੰਨੇ ਦੀ ਫ਼ਸਲ ਦਾ ਪੂਰਾ ਭਾਅ ਮਿਲ ਰਿਹਾ ਹੈ। ਗੁੜ ਸ਼ੱਕਰ ਦੀ ਵੱਧਦੀ ਮੰਗ ਕਾਰਨ ਇਹ ਗੁੜ ਸ਼ੱਕਰ ਘੁਲਾੜਾਂ 'ਤੇ ਬਣਦਿਆਂ ਸਾਰ ਹੀ ਵਿੱਕ ਜਾਂਦਾ ਹੈ। ਸੁਖਵਿੰਦਰ ਸਿੰਘ ਮੁਬਾਰਕਪੁਰ ਚੁੰਘਾਂ ਨੇ ਦੱਸਿਆ ਕਿ ਕਿਸਾਨਾਂ ਨੂੰ ਗੰਨਾ ਖੰਡ ਮਿੱਲਾਂ 'ਤੇ ਲਿਜਾ ਕੇ ਗੰਨਾ ਵੇਚਣ ਨਾਲੋਂ ਗੰਨੇ ਤੋਂ ਗੁੜ ਸ਼ੱਕਰ ਤਿਆਰ ਕਰਕੇ ਵੇਚਣ ਨਾਲ ਵੱਧ ਮੁਨਾਫ਼ਾ ਹੋ ਰਿਹਾ ਹੈ। ਗੁਰਜਿੰਦਰ ਸਿੰਘ ਚੌਂਦਾ ਨੇ ਦੱਸਿਆ ਕਿ ਜਿਹੜੇ ਘੁਲਾੜ ਸੰਚਾਲਕਾਂ ਕੋਲ ਲੋੜੀਂਦੀ ਗੰਨੇ ਦੀ ਆਪਣੀ ਫ਼ਸਲ ਨਹੀਂ ਹੁੰਦੀ, ਉਹ ਗੁੜ ਬਣਾਉਣ ਲਈ ਹੋਰਨਾਂ ਕਿਸਾਨਾਂ ਤੋਂ ਗੰਨਾ ਖ਼ਰੀਦਦੇ ਹਨ। ਇਸ ਨਾਲ ਗੰਨਾ ਬੀਜਣ ਵਾਲੇ ਕਿਸਾਨਾਂ ਨੂੰ ਗੰਨੇ ਦੀ ਫ਼ਸਲ ਦਾ ਮੂੰਹ ਮੰਗਿਆ ਭਾਅ ਮਿਲ ਜਾਂਦਾ ਹੈ।



# ਬੁੱਢਾ ਨਾਲਾ : ਅਣਗਹਿਲੀ, ਪ੍ਰਦੂਸ਼ਣ ਅਤੇ ਸਾਂਝੀ ਜ਼ਿੰਮੇਵਾਰੀ

ਸਤਨਾਮ ਸਿੰਘ ਚਾਹਲ
ਮੋ. 40822-15732 (ਅਮਰੀਕਾ),
75290-22250

**ਬੁੱਢੇ ਨਾਲੇ ਨੇੜੇ ਰਹਿਣ ਜਾਂ ਦੂਸ਼ਿਤ ਪਾਣੀ 'ਤੇ ਨਿਰਭਰ ਕਰਨ ਵਾਲੇ ਭਾਈਚਾਰਿਆਂ ਵਿੱਚ ਚਮੜੀ, ਪੇਟ ਤੇ ਸਾਹ ਦੀਆਂ ਬਿਮਾਰੀਆਂ ਦੇ ਵਧੇਰੇ ਕੇਸ ਸਾਹਮਣੇ ਆਉਂਦੇ ਹਨ। ਪੀਣ ਵਾਲੇ ਪਾਣੀ ਜਾਂ ਪ੍ਰਦੂਸ਼ਿਤ ਸਿੰਚਾਈ ਵਾਲੇ ਪਾਣੀ ਨਾਲ ਉਗਾਏ ਗਏ ਭੋਜਨ ਰਾਹੀਂ ਭਾਰੀ ਧਾਤਾਂ ਦਾ ਸੰਪਰਕ ਕੈਂਸਰ, ਗੁਰਦੇ ਫੇਲ੍ਹ ਹੋਣ, ਹਾਰਮੋਨਲ ਅਸੰਤੁਲਨ ਅਤੇ ਰੋਗ ਪ੍ਰਤੀਰੋਧਕ ਸਮਰੱਥਾ ਘਟਣ ਦੇ ਜੋਖ਼ਮ ਨੂੰ ਵਧਾਉਂਦਾ ਹੈ।**

ਬੁੱਢਾ ਦਰਿਆ ਕਦੇ ਕੁਦਰਤੀ ਤਾਜ਼ੇ ਪਾਣੀ ਦਾ ਦਰਿਆ ਸੀ। ਪ੍ਰਦੂਸ਼ਿਤ ਨਾਲੇ ਵਿੱਚ ਬਦਲਿਆ ਇਹ ਦਰਿਆ ਉਦਯੋਗਿਕ ਗੰਦਾ ਪਾਣੀ, ਅਣਸੋਧਿਆ ਸੀਵਰੇਜ ਅਤੇ ਠੋਸ ਰਹਿੰਦ-ਖੂੰਹਦ ਸਤਲੁਜ ਦਰਿਆ ਵਿੱਚ ਲੈ ਜਾਂਦਾ ਹੈ। ਕਿਸੇ ਵੇਲੇ ਜਲ ਸਰੋਤ ਰਿਹਾ ਬੁੱਢਾ ਨਾਲਾ ਵਾਤਾਵਰਣ ਦੇ ਮੁੱਦੇ 'ਤੇ ਨਾਕਾਮੀ, ਰੈਗੂਲੇਟਰੀ ਕਮਜ਼ੋਰੀ ਅਤੇ ਬੇਰੋਕ ਸ਼ਹਿਰੀ-ਉਦਯੋਗਿਕ ਵਿਕਾਸ ਦਾ ਪ੍ਰਤੀਕ ਬਣ ਗਿਆ ਹੈ। ਬੁੱਢੇ ਨਾਲੇ ਦਾ ਪ੍ਰਦੂਸ਼ਣ ਅਚਾਨਕ ਆਇਆ ਸੰਕਟ ਨਹੀਂ ਸਗੋਂ ਸਰਕਾਰੀ ਏਜੰਸੀਆਂ, ਉਪਭੋਗਤਾਂ ਅਤੇ ਸਮਾਜ ਦੀ ਲੰਮੇ ਸਮੇਂ ਦੀ ਅਣਗਹਿਲੀ ਦਾ ਨਤੀਜਾ ਹੈ। ਪੰਜਾਬ ਦਾ ਸਭ ਤੋਂ ਵੱਡਾ ਉਦਯੋਗਿਕ ਕੇਂਦਰ ਲੁਧਿਆਣਾ ਵਾਤਾਵਰਣ ਸੁਰੱਖਿਆ ਵਿੱਚ ਨਿਵੇਸ਼ ਕੀਤੇ ਬਿਨਾਂ ਤੇਜ਼ੀ ਨਾਲ ਫੈਲਿਆ। ਟੈਕਸਟਾਈਲ ਰੰਗਾਈ ਇਕਾਈਆਂ, ਇਲੈਕਟ੍ਰੋਪਲੇਟਿੰਗ ਫੈਕਟਰੀਆਂ, ਸਾਈਕਲ ਅਤੇ ਹੌਜ਼ਰੀ ਉਦਯੋਗ ਬੁੱਢੇ ਨਾਲੇ ਦੇ ਕੰਢੇ ਵਧੇ ਅਤੇ ਤਰਲ ਰਹਿੰਦ-ਖੂੰਹਦ ਦਾ ਨਿਪਟਾਰਾ ਇਸੇ ਵਿੱਚ ਕਰਦੇ ਰਹੇ। ਸਮੇਂ ਨਾਲ ਇਸ ਦੀ ਸਵੈ-ਸ਼ੁੱਧਤਾ ਦੀ ਸਮਰੱਥਾ ਖ਼ਤਮ ਹੋ ਗਈ ਅਤੇ ਇਹ ਰਸਾਇਣ, ਰੰਗ, ਭਾਰੀ ਧਾਤਾਂ, ਤੇਲ ਅਤੇ ਸੀਵਰੇਜ ਕਚਰਾ ਲਿਜਾਣ ਵਾਲੇ ਜ਼ਹਿਰੀਲੇ ਚੈਨਲ ਵਿੱਚ ਬਦਲ ਗਿਆ।

ਵਿਗਿਆਨਕ ਮੁਲਾਂਕਣ ਅਤੇ ਰੈਗੂਲੇਟਰੀ ਰਿਪੋਰਟਾਂ ਮੁਤਾਬਿਕ ਬੁੱਢਾ ਨਾਲਾ ਉੱਤਰੀ ਭਾਰਤ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਜਲ ਸਰੋਤਾਂ ਵਿੱਚੋਂ ਇੱਕ ਹੈ। ਪਾਣੀ ਦੀ ਗੁਣਵੱਤਾ ਦੇ ਮਾਪਦੰਡ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਦੁਆਰਾ ਨਿਰਧਾਰਤ ਸੀਮਾਵਾਂ ਤੋਂ ਕਿਤੇ ਵੱਧ ਹਨ। ਜੈਵਿਕ ਪ੍ਰਦੂਸ਼ਣ ਨੂੰ ਦਰਸਾਉਂਦੀ ਬਾਇਓਕੈਮੀਕਲ ਆਕਸੀਜਨ ਡਿਮਾਂਡ (ਬੀ ਓ ਡੀ) ਅਕਸਰ 30-80 ਮਿਲੀਗ੍ਰਾਮ/ਲਿਟਰ ਦਰਜ ਕੀਤੀ ਗਈ ਹੈ ਜਦੋਂਕਿ ਸਤ੍ਹਾ ਦੇ ਪਾਣੀ ਲਈ ਸਵੀਕਾਰਯੋਗ ਸੀਮਾ 3 ਮਿਲੀਗ੍ਰਾਮ ਪ੍ਰਤੀ ਲੀਟਰ ਹੈ। ਰਸਾਇਣਕ ਆਕਸੀਜਨ ਡਿਮਾਂਡ (ਸੀ ਓ ਡੀ) ਰਸਾਇਣਕ ਦੂਸ਼ਿਤਤਾ ਨੂੰ ਦਰਸਾਉਂਦੀ ਹੈ, ਜੋ ਅਕਸਰ 30 ਮਿਲੀਗ੍ਰਾਮ/ਲਿਟਰ ਦੀ ਸੁਰੱਖਿਅਤ ਸੀਮਾ ਦੇ ਮੁਕਾਬਲੇ 150-300 ਮਿਲੀਗ੍ਰਾਮ/ਲਿਟਰ ਦੇ ਵਿਚਕਾਰ ਹੁੰਦੀ ਹੈ। ਇਹ ਅੰਕੜੇ ਗੰਭੀਰ ਜੈਵਿਕ ਅਤੇ ਰਸਾਇਣਕ ਲੋਡਿੰਗ ਨੂੰ ਦਰਸਾਉਂਦੇ ਹਨ, ਜਿਸ ਨਾਲ ਪਾਣੀ ਕਈ ਹਿੱਸਿਆਂ ਵਿੱਚ ਜੈਵਿਕ ਤੌਰ 'ਤੇ ਮਰ ਜਾਂਦਾ ਹੈ।

ਭਾਰੀ ਧਾਤਾਂ ਜਿਵੇਂ ਕ੍ਰੋਮੀਅਮ, ਸ਼ੀਸ਼ਾ, ਨਿਕਲ, ਕੈਡਮੀਅਮ ਅਤੇ ਪਾਰਾ - ਆਮ ਤੌਰ 'ਤੇ ਰੰਗਾਈ, ਇਲੈਕਟ੍ਰੋਪਲੇਟਿੰਗ ਅਤੇ ਧਾਤ ਉਦਯੋਗਾਂ ਵਿੱਚ ਵਰਤੇ ਜਾਂਦੇ ਹਨ, ਜੋ ਇਸ ਦੇ ਪਾਣੀ ਅਤੇ ਤਲਛਟ ਦੋਵਾਂ ਵਿੱਚ ਪਾਇਆ ਗਿਆ ਹੈ। ਇਹ ਜ਼ਹਿਰੀਲੇ ਪਦਾਰਥ ਮਿੱਟੀ ਅਤੇ ਜ਼ਮੀਨ ਹੇਠਲੇ ਪਾਣੀ ਵਿੱਚ ਇਕੱਠੇ ਹੁੰਦੇ ਹਨ, ਜੋ ਸਿਹਤ ਲਈ ਜੋਖ਼ਮ ਪੈਦਾ ਕਰਦੇ ਹਨ। ਲੁਧਿਆਣਾ ਦਾ ਲਗਭਗ 90-95 ਫ਼ੀਸਦੀ ਅਣਸੋਧਿਆ ਸੀਵਰੇਜ ਕਚਰਾ ਅਨੁਮਾਨ ਮੁਤਾਬਿਕ 300-400 ਮਿਲੀਅਨ ਲਿਟਰ ਪ੍ਰਤੀ ਦਿਨ (ਐਮ ਐੱਲ ਡੀ) ਹੈ, ਜੋ ਅੰਤ ਵਿੱਚ ਬੁੱਢੇ ਨਾਲੇ ਵਿੱਚ ਪੈ ਜਾਂਦਾ ਹੈ। ਸੀਵਰੇਜ ਟਰੀਟਮੈਂਟ ਪਲਾਂਟ (STP) ਅਕਸਰ ਸਮਰੱਥਾ ਤੋਂ ਘੱਟ ਕੰਮ ਕਰਦੇ ਹਨ ਜਾਂ ਡਿਸਚਾਰਜ ਮਾਪਦੰਡਾਂ ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿੰਦੇ ਹਨ।



ਬੁੱਢੇ ਨਾਲੇ ਦੇ ਪ੍ਰਦੂਸ਼ਣ ਦੇ ਲੁਧਿਆਣਾ ਸ਼ਹਿਰ ਦੀ ਹੱਦ ਤੋਂ ਬਾਹਰ ਦੂਰਗਾਮੀ ਨਤੀਜੇ ਨਿਕਲਦੇ ਹਨ। ਜਿਉਂ ਹੀ ਇਹ ਸਤਲੁਜ ਦਰਿਆ ਵਿੱਚ ਮਿਲਦਾ ਹੈ ਗੰਦਗੀ ਹੇਠਾਂ ਵੱਲ ਫੈਲ ਕੇ ਸਿੰਚਾਈ, ਪੀਣ ਵਾਲੇ ਪਾਣੀ ਦੇ ਸਰੋਤਾਂ ਅਤੇ ਜਲ ਵਾਤਾਵਰਣ ਪ੍ਰਣਾਲੀਆਂ ਨੂੰ ਪ੍ਰਭਾਵਿਤ ਕਰਦੀ ਹੈ। ਬੁੱਢੇ ਨਾਲੇ ਨੇੜਲੇ ਇਲਾਕਿਆਂ ਤੋਂ ਇਕੱਠੇ ਕੀਤੇ ਗਏ ਜ਼ਮੀਨ ਹੇਠਲੇ ਪਾਣੀ ਦੇ ਨਮੂਨਿਆਂ ਵਿੱਚ ਭਾਰੀ ਧਾਤਾਂ ਦਾ ਪੱਧਰ ਉੱਚਾ ਹੈ, ਜਿਸ ਨਾਲ ਹੈਂਡਪੰਪ ਅਤੇ ਬੋਰਵੈੱਲ ਖਪਤ ਲਈ ਅਸੁਰੱਖਿਅਤ ਹੋ ਜਾਂਦੇ ਹਨ। ਸਿੰਚਾਈ ਨਾਲ ਪ੍ਰਦੂਸ਼ਿਤ ਪਾਣੀ ਦੀ ਵਰਤੋਂ ਕਰਨ ਵਾਲੇ ਮਿੱਟੀ ਦੇ ਵਿਗਾੜ ਅਤੇ ਫ਼ਸਲਾਂ ਦੇ ਪ੍ਰਦੂਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਭੋਜਨ ਲੜੀ ਰਾਹੀਂ ਸਿਹਤ ਜੋਖ਼ਮ ਵੱਧਦੇ ਹਨ। ਡਰੇਨ ਨੇੜਲੇ ਖੇਤਰਾਂ ਦੇ ਵਸਨੀਕਾਂ ਵਿੱਚ ਚਮੜੀ ਦੀਆਂ ਬਿਮਾਰੀਆਂ, ਸਾਹ ਦੀਆਂ ਸਮੱਸਿਆਵਾਂ, ਪੇਟ ਦੀਆਂ ਬਿਮਾਰੀਆਂ ਅਤੇ ਸ਼ੱਕੀ ਕੈਂਸਰ ਦੇ ਮਾਮਲੇ ਵੱਡੇ ਪੱਧਰ 'ਤੇ ਹਨ। ਖੜ੍ਹਾ ਬਦਬੂਦਾਰ ਪਾਣੀ ਮੱਛਰਾਂ ਲਈ ਪ੍ਰਜਨਨ ਸਥਾਨ ਵੀ ਹੈ, ਜਿਸ ਨਾਲ ਜਨਤਕ ਸਿਹਤ ਸਥਿਤੀਆਂ ਵਿਗੜਦੀਆਂ ਹਨ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਸੂਬੇ ਵਿੱਚ ਜਲ ਪ੍ਰਦੂਸ਼ਣ ਨੂੰ ਰੋਕਣ ਅਤੇ ਕੰਟਰੋਲ ਕਰਨ ਲਈ ਜ਼ਿੰਮੇਵਾਰ ਕਾਨੂੰਨੀ ਅਥਾਰਿਟੀ ਹੈ। ਪੀ ਪੀ ਸੀ ਬੀ ਕੋਲ ਨੋਟਿਸ ਜਾਰੀ ਕਰਨ, ਜੁਰਮਾਨੇ ਲਗਾਉਣ, ਪ੍ਰਦੂਸ਼ਣ ਕਰਨ ਵਾਲੀਆਂ ਇਕਾਈਆਂ ਨੂੰ ਬੰਦ ਕਰਨ ਅਤੇ ਇਲਾਜ ਪ੍ਰਣਾਲੀਆਂ ਨੂੰ ਲਾਜ਼ਮੀ ਬਣਾਉਣ ਦੀਆਂ ਸ਼ਕਤੀਆਂ ਹਨ, ਪਰ ਬੁੱਢੇ ਨਾਲੇ ਦੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਵਿੱਚ ਇਸ ਦੀ ਭੂਮਿਕਾ ਦੀ ਵਿਆਪਕ ਤੌਰ 'ਤੇ ਆਲੋਚਨਾ ਹੁੰਦੀ ਰਹਿੰਦੀ ਹੈ। ਪੀ ਪੀ ਸੀ ਬੀ ਨੇ ਉਦਯੋਗਾਂ ਨੂੰ ਐਫਲੂਐਂਟ ਟਰੀਟਮੈਂਟ ਪਲਾਂਟ (ਈ ਟੀ ਪੀਜ਼) ਸਥਾਪਤ ਕਰਨ ਲਈ ਨਿਰਦੇਸ਼ ਵਾਰ-ਵਾਰ ਜਾਰੀ ਕੀਤੇ ਹਨ ਅਤੇ ਲੁਧਿਆਣਾ ਵਿੱਚ ਰੰਗਾਈ ਇਕਾਈਆਂ ਲਈ ਜ਼ੀਰੋ ਲਿਕੁਇਡ ਡਿਸਚਾਰਜ ਨੂੰ ਲਾਜ਼ਮੀ ਕੀਤਾ ਹੈ। ਇਸ ਨੇ ਉਦਯੋਗ ਸਮੂਹਾਂ ਤੋਂ ਰਹਿੰਦ-ਖੂੰਹਦ ਨੂੰ ਸੋਧਣ ਲਈ ਕਾਮਨ ਐਫਲੂਐਂਟ ਟਰੀਟਮੈਂਟ ਪਲਾਂਟ ਦੀ ਵੀ ਨਿਗਰਾਨੀ ਕੀਤੀ ਹੈ।

ਬੁੱਢੇ ਨਾਲੇ ਦੀ ਇਸ ਹਾਲਤ ਲਈ ਲੁਧਿਆਣੇ ਦੀ ਸਨਅਤ ਵੱਡੇ ਪੱਧਰ 'ਤੇ ਜ਼ਿੰਮੇਵਾਰ ਹੈ। ਵੱਡੀਆਂ ਸਨਅਤੀ ਇਕਾਈਆਂ ਕੋਲ ਪਾਣੀ ਨੂੰ ਸੋਧਣ ਲਈ ਵਿੱਤੀ ਸਰੋਤ ਹੋ ਸਕਦੇ ਹਨ ਜਦੋਂਕਿ ਛੋਟੇ ਉਦਯੋਗ ਅਕਸਰ ਇੰਨੇ ਸਮਰੱਥ ਨਹੀਂ ਹੁੰਦੇ। ਉਦਯੋਗਿਕ ਐਸੋਸੀਏਸ਼ਨਾਂ ਨੇ ਕਈ ਵਾਰ ਰੁਜ਼ਗਾਰ ਅਤੇ ਆਰਥਿਕ ਚਿੰਤਾਵਾਂ ਦਾ ਹਵਾਲਾ ਦਿੰਦਿਆਂ ਜਗ੍ਹਾ ਬਦਲਣ ਜਾਂ ਸਖ਼ਤ ਨਿਯਮਾਂ ਦਾ ਵਿਰੋਧ ਕੀਤਾ ਹੈ। ਫਿਰ ਵੀ ਵਾਤਾਵਰਣ ਸੰਬੰਧੀ ਨਿਯਮਾਂ ਦੀ ਪਾਲਣਾ ਵਿਕਲਪਿਕ ਨਹੀਂ ਸਗੋਂ ਕਾਨੂੰਨੀ ਅਤੇ ਨੈਤਿਕ ਜ਼ਿੰਮੇਵਾਰੀ ਹੈ। ਜੇਕਰ ਉਦਯੋਗਿਕ ਵਿਕਾਸ ਨੇ ਵਾਤਾਵਰਣ ਸੁਰੱਖਿਆ ਦੇ ਨਾਲ-ਨਾਲ ਚੱਲਣਾ ਹੈ ਤਾਂ ਸਾਫ਼ ਉਤਪਾਦਨ ਵਿਧੀਆਂ ਸੋਧੇ ਪਾਣੀ ਦੀ ਮੁੜ ਵਰਤੋਂ ਅਤੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਜ਼ਰੂਰੀ ਹੈ।

ਬੁੱਢੇ ਨਾਲੇ ਦੇ ਸੰਕਟ ਵਿੱਚ ਆਮ ਜਨਤਾ ਪੀੜਤ ਅਤੇ ਹਿੱਸੇਦਾਰ ਦੋਵੇਂ ਹੈ। ਘਰੇਲੂ ਸੀਵਰੇਜ, ਪਲਾਸਟਿਕ ਰਹਿੰਦ-ਖੂੰਹਦ ਅਤੇ ਨਾਲੀਆਂ ਵਿੱਚ ਸੁੱਟਿਆ ਜਾਣ ਵਾਲਾ ਠੋਸ ਕੂੜਾ ਪ੍ਰਦੂਸ਼ਣ ਵਿੱਚ ਅਹਿਮ ਹਿੱਸਾ ਪਾਉਂਦਾ ਹੈ। ਕੂੜੇ ਦਾ ਗਲਤ ਢੰਗ ਨਾਲ ਨਿਪਟਾਰਾ ਅਤੇ ਗੈਰ-ਕਾਨੂੰਨੀ ਡੰਪਿੰਗ ਮੌਜੂਦਾ ਪ੍ਰਣਾਲੀ 'ਤੇ ਹੋਰ ਭਾਰ ਪਾਉਂਦੀ ਹੈ। ਇਸ ਦੇ ਨਾਲ ਹੀ ਸਿਵਿਲ ਸਮਾਜ ਦੀਆਂ ਲਹਿਰਾਂ ਨੇ ਇਸ ਮੁੱਦੇ ਨੂੰ ਜ਼ਿੰਦਾ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਵਾਤਾਵਰਣ ਕਾਰਕੁਨਾਂ, ਸਥਾਨਕ ਵਾਸੀਆਂ ਅਤੇ ਸੰਗਠਨਾਂ ਨੇ ਜਵਾਬਦੇਹੀ ਦੀ ਮੰਗ ਕਰਦਿਆਂ ਵਿਰੋਧ ਪ੍ਰਦਰਸ਼ਨ, ਜਾਗਰੂਕਤਾ ਮੁਹਿੰਮਾਂ ਅਤੇ ਕਾਨੂੰਨੀ ਦਖ਼ਲਅੰਦਾਜ਼ੀ ਦੀ ਚਾਰਾਜੋਈ ਕੀਤੀ ਹੈ। ਜਨਤਕ ਦਬਾਅ ਨੇ ਅਧਿਕਾਰੀਆਂ ਨੂੰ ਸਮੱਸਿਆ ਦੇ ਪੈਮਾਨੇ ਨੂੰ ਸਵੀਕਾਰ ਕਰਨ ਅਤੇ ਸੁਧਾਰਾਤਮਕ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ, ਭਾਵੇਂ ਤਰੱਕੀ ਹੌਲੀ ਹੀ ਕਿਉਂ ਨਾ ਹੋਵੇ।

ਰਸਾਇਣਕ ਦ੍ਰਿਸ਼ਟੀਕੋਣ ਤੋਂ ਬੁੱਢੇ ਨਾਲੇ ਦੇ ਪਾਣੀ ਵਿੱਚ ਜੈਵਿਕ ਪ੍ਰਦੂਸ਼ਕਾਂ, ਜ਼ਹਿਰੀਲੇ ਰਸਾਇਣਾਂ ਅਤੇ ਭਾਰੀ ਧਾਤਾਂ ਦਾ ਬਹੁਤ ਜ਼ਿਆਦਾ ਗਾੜ੍ਹਾਪਣ ਹੈ। ਰੈਗੂਲੇਟਰੀ ਏਜੰਸੀਆਂ ਦੁਆਰਾ ਕੀਤੇ ਗਏ ਟੈਸਟਾਂ ਤੋਂ ਪਤਾ ਲੱਗਦਾ ਹੈ ਕਿ ਬੁੱਢੇ ਨਾਲੇ ਦੇ ਪਾਣੀ ਦੀ ਬਾਇਓਕੈਮੀਕਲ ਆਕਸੀਜਨ ਡਿਮਾਂਡ (ਬੀ ਓ ਡੀ) ਆਮ ਤੌਰ 'ਤੇ ਪ੍ਰਤੀ ਲਿਟਰ 30 ਤੋਂ 80 ਮਿਲੀਗ੍ਰਾਮ ਦੇ ਵਿਚਕਾਰ ਹੁੰਦੀ ਹੈ ਜਦੋਂਕਿ ਸਾਫ਼ ਸਤ੍ਹਾ ਵਾਲੇ ਪਾਣੀ ਲਈ ਇਹ 3 ਮਿਲੀਗ੍ਰਾਮ ਪ੍ਰਤੀ ਲਿਟਰ ਤੋਂ ਵੱਧ ਨਹੀਂ ਹੋਣਾ ਚਾਹੀਦਾ। ਉੱਚ ਬੀ ਓ ਡੀ ਤੋਂ ਭਾਵ ਬਹੁਤ ਜ਼ਿਆਦਾ ਜੈਵਿਕ ਰਹਿੰਦ-ਖੂੰਹਦ ਹੈ, ਜੋ ਘੁਲੀ ਹੋਈ ਆਕਸੀਜਨ ਦੀ ਖਪਤ ਕਰਦੀ ਹੈ ਅਤੇ ਪਾਣੀ ਨੂੰ ਜਲ-ਜੀਵਨ ਦੇ ਪੁੰਗਰਨ ਦੇ ਯੋਗ ਨਹੀਂ ਰਹਿਣ ਦਿੰਦਾ। ਇਸ ਦੇ ਮੁਕਾਬਲੇ ਚੰਗੀ ਗੁਣਵੱਤਾ ਵਾਲਾ ਦਰਿਆਈ ਪਾਣੀ ਮੱਛੀਆਂ, ਸੂਖਮ ਜੀਵਾਂ ਅਤੇ ਕੁਦਰਤੀ ਸਵੈ-ਸ਼ੁੱਧੀਕਰਨ ਪ੍ਰਕਿਰਿਆਵਾਂ ਲਈ ਲੋੜੀਂਦਾ ਆਕਸੀਜਨ ਪੱਧਰ ਬਣਾਈ ਰੱਖਦਾ ਹੈ।

ਇਸੇ ਤਰ੍ਹਾਂ ਬੁੱਢੇ ਨਾਲੇ ਦੀ ਰਸਾਇਣਕ ਆਕਸੀਜਨ ਡਿਮਾਂਡ (ਸੀ ਓ ਡੀ) 30 ਮਿਲੀਗ੍ਰਾਮ ਪ੍ਰਤੀ ਲਿਟਰ ਦੀ ਸੀਮਾ ਦੇ ਮੁਕਾਬਲੇ ਅਕਸਰ 150 ਤੋਂ 300 ਮਿਲੀਗ੍ਰਾਮ ਪ੍ਰਤੀ ਲਿਟਰ ਤੱਕ ਹੁੰਦੀ ਹੈ। ਸੀ ਓ ਡੀ ਆਕਸੀਡਾਈਜ਼ੇਬਲ ਪ੍ਰਦੂਸ਼ਕਾਂ ਦੀ ਮੌਜੂਦਗੀ ਨੂੰ ਮਾਪਦਾ ਹੈ, ਜਿਸ ਵਿੱਚ ਉਦਯੋਗਿਕ ਰਸਾਇਣ ਅਤੇ ਰੰਗ ਸ਼ਾਮਲ ਹਨ। ਉੱਚੇ ਸੀ ਓ ਡੀ ਪੱਧਰ ਜ਼ਹਿਰੀਲੇ ਪਦਾਰਥਾਂ ਦੀ ਮੌਜੂਦਗੀ ਦੀ ਪੁਸ਼ਟੀ ਕਰਦੇ ਹਨ ਜੋ ਕੁਦਰਤੀ ਪਤਨ ਪ੍ਰਤੀ ਰੋਧਕ ਹੁੰਦੇ ਹਨ। ਇਸ ਦੇ ਉਲਟ ਸਾਫ਼ ਪਾਣੀ ਵਿੱਚ ਘੱਟ ਸੀ ਓ ਡੀ ਹੁੰਦੇ ਹਨ, ਜੋ ਘੱਟੋ-ਘੱਟ ਰਸਾਇਣਕ ਗੰਦਗੀ ਅਤੇ ਜੈਵਿਕ ਜੀਵਨ ਲਈ ਸੁਰੱਖਿਅਤ ਸਥਿਤੀਆਂ ਨੂੰ ਦਰਸਾਉਂਦਾ ਹੈ।

ਬੁੱਢੇ ਨਾਲੇ ਦੇ ਪ੍ਰਦੂਸ਼ਣ ਦੇ ਸਭ ਤੋਂ ਚਿੰਤਾਜਨਕ ਪਹਿਲੂਆਂ ਵਿੱਚ ਇੱਕ ਭਾਰੀ ਧਾਤਾਂ ਦੀ ਮੌਜੂਦਗੀ ਹੈ। ਰਸਾਇਣਕ ਵਿਸ਼ਲੇਸ਼ਣ ਮੁਤਾਬਿਕ ਇਸ ਦੇ ਪਾਣੀ ਵਿੱਚ ਕ੍ਰੋਮੀਅਮ, ਸ਼ੀਸ਼ਾ, ਨਿਕਲ, ਕੈਡਮੀਅਮ ਅਤੇ ਪਾਰੇ ਦਾ ਗਾੜ੍ਹਾਪਣ ਵੀ ਮਨਜ਼ੂਰ ਸੀਮਾਵਾਂ ਤੋਂ ਕਈ ਗੁਣਾ ਵੱਧ ਹੈ। ਕ੍ਰੋਮੀਅਮ ਆਮ ਤੌਰ 'ਤੇ ਟੈਕਸਟਾਈਲ ਰੰਗਾਈ ਅਤੇ ਇਲੈਕਟ੍ਰੋਪਲੇਟਿੰਗ ਉਦਯੋਗਾਂ ਵਿੱਚ ਵਰਤਿਆ ਜਾਂਦਾ ਹੈ, ਜੋ ਲੰਮੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਚਮੜੀ ਦੇ ਅਲਸਰ, ਸਾਹ ਸੰਬੰਧੀ ਸਮੱਸਿਆਵਾਂ ਅਤੇ ਕੈਂਸਰ ਦਾ ਕਾਰਨ ਬਣਦਾ ਹੈ। ਸੀਸਾ ਦਿਮਾਗੀ ਪ੍ਰਣਾਲੀ ਨੂੰ ਪ੍ਰਭਾਵਿਤ ਕਰਦਾ ਹੈ, ਖ਼ਾਸ ਕਰਕੇ ਬੱਚਿਆਂ ਵਿੱਚ ਵਿਕਾਸ ਸੰਬੰਧੀ ਵਿਕਾਰ, ਸਿੱਖਣ ਵਿੱਚ ਅਸਮਰੱਥਾ ਅਤੇ ਅਨੀਮੀਆ ਦਾ ਕਾਰਨ ਬਣਦਾ ਹੈ। ਕੈਡਮੀਅਮ ਅਤੇ ਪਾਰਾ ਗੁਰਦੇ, ਜਿਗਰ ਅਤੇ ਪ੍ਰਜਨਨ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦੇ ਹਨ। ਸਾਫ਼ ਪਾਣੀ ਦੇ ਸਰੋਤਾਂ ਵਿੱਚ ਇਹ ਧਾਤਾਂ ਜਾਂ ਤਾਂ ਗੈਰਹਾਜ਼ਰ ਹੁੰਦੀਆਂ ਹਨ ਜਾਂ ਨੁਕਸਾਨਦੇਹ ਥ੍ਰੈਸ਼ਹੋਲਡ ਤੋਂ ਬਹੁਤ ਘੱਟ ਮਾਤਰਾ ਵਿੱਚ ਮੌਜੂਦ ਹੁੰਦੀਆਂ ਹਨ।

ਬੁੱਢੇ ਨਾਲੇ ਵਿੱਚ ਕੁੱਲ ਘੁਲਣਸ਼ੀਲ ਠੋਸ ਪਦਾਰਥ (ਟੀ ਡੀ ਐੱਸ) ਦੇ ਬਹੁਤ ਜ਼ਿਆਦਾ ਪੱਧਰ ਵੀ ਹੁੰਦੇ ਹਨ, ਜੋ ਅਕਸਰ 1,200 ਤੋਂ 2,500 ਮਿਲੀਗ੍ਰਾਮ ਪ੍ਰਤੀ ਲਿਟਰ ਤੋਂ ਵੱਧ ਹੁੰਦੇ ਹਨ ਜਦੋਂਕਿ ਸੁਰੱਖਿਅਤ ਪੀਣ ਵਾਲੇ ਪਾਣੀ ਦੇ ਮਾਪਦੰਡ 500 ਮਿਲੀਗ੍ਰਾਮ ਪ੍ਰਤੀ ਲਿਟਰ ਤੋਂ ਘੱਟ ਪੱਧਰ ਦੀ ਸਿਫ਼ਾਰਸ਼ ਕਰਦੇ ਹਨ। ਉੱਚ ਟੀ ਡੀ ਐੱਸ ਪਾਣੀ ਦੇ ਸੁਆਦ ਨੂੰ ਬਦਲਣਾ, ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣਾ ਅਤੇ ਮਿੱਟੀ ਦੀ ਖਾਰੇਪਣ ਨੂੰ ਵਧਾਉਂਦਾ ਹੈ। ਸਾਫ਼ ਪਾਣੀ ਮਨੁੱਖੀ ਖਪਤ, ਖੇਤੀਬਾੜੀ ਅਤੇ ਪਸ਼ੂਆਂ ਦੀ ਸਿਹਤ ਲਈ ਜ਼ਰੂਰੀ ਸੰਤੁਲਿਤ ਖਣਿਜਾਂ ਨੂੰ ਕਾਇਮ ਰੱਖਦਾ ਹੈ।

ਬੁੱਢੇ ਨਾਲੇ ਦੇ ਪਾਣੀ ਦੇ ਰਸਾਇਣਕ ਜ਼ਹਿਰੀਲੇਪਣ ਦਾ ਮਨੁੱਖੀ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਬੁੱਢੇ ਨਾਲੇ ਨੇੜੇ ਰਹਿਣ ਜਾਂ ਦੂਸ਼ਿਤ ਪਾਣੀ 'ਤੇ ਨਿਰਭਰ ਕਰਨ ਵਾਲੇ ਭਾਈਚਾਰਿਆਂ ਵਿੱਚ ਚਮੜੀ, ਪੇਟ ਤੇ ਸਾਹ ਦੀਆਂ ਬਿਮਾਰੀਆਂ ਦਾ ਵਧੇਰੇ ਕੇਸ ਸਾਹਮਣੇ ਆਉਂਦੇ ਹਨ। ਪੀਣ ਵਾਲੇ ਪਾਣੀ ਜਾਂ ਪ੍ਰਦੂਸ਼ਿਤ ਸਿੰਚਾਈ ਵਾਲੇ ਪਾਣੀ ਨਾਲ ਉਗਾਏ ਗਏ ਭੋਜਨ ਰਾਹੀਂ ਭਾਰੀ ਧਾਤਾਂ ਦਾ ਸੰਪਰਕ ਕੈਂਸਰ, ਗੁਰਦੇ ਫੇਲ੍ਹ ਹੋਣ, ਹਾਰਮੋਨਲ ਅਸੰਤੁਲਨ ਅਤੇ ਰੋਗ ਪ੍ਰਤੀਰੋਧਕ ਸਮਰੱਥਾ ਘਟਣ ਦੇ ਜੋਖ਼ਮ ਨੂੰ ਵਧਾਉਂਦਾ ਹੈ। ਬੁੱਢੇ ਨਾਲੇ ਨੇੜਲੇ ਇਲਾਕਿਆਂ ਵਿੱਚ ਖੇਤੀਬਾੜੀ ਨੂੰ ਸਿੰਚਾਈ ਲਈ ਪ੍ਰਦੂਸ਼ਿਤ ਪਾਣੀ ਦੀ ਵਰਤੋਂ ਕਾਰਨ ਨੁਕਸਾਨ ਹੋਇਆ ਹੈ।

ਪੋਲਟਰੀ ਪਾਲਣ ਪਸ਼ੂਆਂ ਦਾ ਇੱਕ ਰੂਪ ਹੈ ਜਿਸ ਵਿੱਚ ਪੋਲਟਰੀ ਪੰਛੀਆਂ ਨੂੰ ਘਰੇਲੂ ਜਾਂ ਵਪਾਰਕ ਤੌਰ ਤੇ ਮੀਟ ਅਤੇ ਅੰਡਿਆਂ ਦੇ ਉਤਪਾਦਨ ਲਈ ਰੱਖਿਆ ਜਾਂਦਾ ਹੈ । ਪੋਲਟਰੀ ਫਾਰਮ ਕਿੱਤੇ ਨੂੰ ਵੱਧ ਉਤਪਾਦਨ ਅਤੇ ਮੁਨਾਫੇ ਵੱਲ ਤੋਰਨ ਲਈ ਇਹ ਲਾਜ਼ਮੀ ਹੈ ਕਿ ਪੋਲਟਰੀ ਪੰਛੀਆਂ ਦੇ ਰਹਿਣ ਸਹਿਣ ਅਤੇ ਖੁਰਾਕ ਦੇ ਵਧੀਆ ਪ੍ਰਬੰਧ ਕੀਤੇ ਜਾਣ । ਵਧੀਆ ਖੁਰਾਕੀ ਪ੍ਰਬੰਧ ਅਤੇ ਉੱਚ ਕੋਟੀ ਦੀ ਡਾਕਟਰੀ ਸਲਾਹ ਨਾਲ ਪੋਲਟਰੀ ਕਿੱਤੇ ਤੋਂ ਵੱਧ ਮੁਨਾਫਾ ਕਮਾਇਆ ਜਾ ਸਕਦਾ ਹੈ । ਪੋਲਟਰੀ ਫਾਰਮਿੰਗ ਦੇ ਕਿੱਤੇ ਲਈ ਹੇਠ ਲਿਖੇ ਪ੍ਰਬੰਧਨ ਅਭਿਆਸਾਂ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਹੈ ਤਾਂ ਕਿ ਵੱਧ ਤੋਂ ਵੱਧ ਮੁਨਾਫਾ ਪ੍ਰਾਪਤ ਕੀਤਾ ਜਾ ਸਕੇ ।



# ਪੋਲਟਰੀ ਫਾਰਮ ਪ੍ਰਬੰਧ

ਕੁਲਵਿੰਦਰ ਸਿੰਘ ਅਤੇ ਅੰਕੁਸ਼ ਪਰੋਚ, ਪਸ਼ੂ ਪਾਲਣ ਅਤੇ ਚਿਕਿਤਸਾ ਪਸਾਰ ਸਿੱਖਿਆ ਵਿਭਾਗ

**1) ਚੂਚਿਆਂ ਦੇ ਆਉਣ ਤੋਂ ਪਹਿਲਾਂ ਸ਼ੈੱਡ ਦੀ ਤਿਆਰੀ** : ਪੋਲਟਰੀ ਸ਼ੈੱਡ ਚੂਚੇ ਆਉਣ ਤੋਂ ਇੱਕ ਹਫਤਾ ਪਹਿਲਾਂ ਤਿਆਰ ਹੋ ਜਾਣਾ ਚਾਹੀਦਾ ਹੈ । ਸ਼ੈੱਡ ਨੂੰ ਆਮ ਤੌਰ ਤੇ ਕੀਟਾਣੂੰਨਾਸ਼ਕਾਂ (ਕੁਆਰਟਰਨਰੀ ਅਮੋਨੀਅਮ ਮਿਸ਼ਰਣ, ਫੀਨੋਲਿਕ ਮਿਸ਼ਰਣ, ਆਇਓਡੋਫੇਰਸ) ਨਾਲ ਸਾਫ ਕੀਤਾ ਜਾ ਸਕਦਾ ਹੈ ।



ਚੌਲਾਂ ਦਾ ਛਿਲਕਾ/ਲੱਕੜ ਦਾ ਬੂਰਾ ਆਦਿ ਵਿਛਾਉਣੀ ਦੇ ਤੌਰ ਤੇ ਪੋਲਟਰੀ ਪੰਛੀਆਂ ਦੇ ਸ਼ੈੱਡ ਵਿੱਚ ਵਰਤਿਆ ਜਾ ਸਕਦਾ ਹੈ ਅਤੇ ਇਸ ਦੀ ਡੂੰਘਾਈ (ਮੋਟਾਈ) 5 ਸੈਂਟੀਮੀਟਰ ਤੱਕ ਹੋ ਸਕਦੀ ਹੈ ।

**2. ਬਰੂਡਿੰਗ ਪ੍ਰਬੰਧ** : ਬਰੂਡਿੰਗ ਸ਼ੈੱਡ ਵਿੱਚ ਸਹੀ ਤਾਪਮਾਨ ਦਾ ਹੋਣਾ ਬਹੁਤ ਜ਼ਰੂਰੀ ਹੈ ਅਤੇ ਤਾਪਮਾਨ ਵਿੱਚ ਹੋਏ ਵਾਧੇ ਅਤੇ ਘਾਟੇ ਦਾ ਸਿੱਧਾ ਅਸਰ ਪੋਲਟਰੀ ਪੰਛੀਆਂ ਦੀ ਸਿਹਤ ਅਤੇ ਉਤਪਾਦਨ ਤੇ ਹੁੰਦਾ ਹੈ ।

ਇਕ ਸਫਲ ਪੋਲਟਰੀ ਫਾਰਮ ਲਈ ਇਹ ਲਾਜ਼ਮੀ ਹੈ ਕਿ ਫਾਰਮ ਵਿੱਚ ਤਾਪਮਾਨ ਦਾ ਪੂਰੀ ਤਰ੍ਹਾਂ ਧਿਆਨ ਰੱਖਿਆ ਜਾਵੇ ਅਤੇ ਪੋਲਟਰੀ ਪੰਛੀਆਂ ਦੀ ਉਮਰ ਦੇ ਹਿਸਾਬ ਨਾਲ ਤਾਪਮਾਨ ਰੱਖਿਆ ਜਾਵੇ ।

ਬਰੂਡਿੰਗ ਸ਼ੈੱਡ ਜਾਂ ਤਾਪਮਾਨ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ।

| ਉਮਰ (ਹਫਤੇ) | ਤਾਪਮਾਨ ($^0$F) |
|---|---|
| ਪਹਿਲੇ ਹਫਤੇ | 95 |
| ਦੂਜੇ ਹਫਤੇ | 90 |
| ਤੀਜੇ ਹਫਤੇ | 85 |
| ਚੌਥੇ ਹਫਤੇ | 80 |
| ਪੰਜਵੇਂ ਹਫਤੇ | 75 |
| ਛੇਵੇਂ ਹਫਤੇ | 70 |

7 ਤੋਂ 10 ਵਰਗ ਇੰਚ (45 ਤੋਂ 65 ਸੈਂਟੀਮੀਟਰ$^2$) ਦੀ ਬਰੂਡਰ ਸਪੇਸ ਪ੍ਰਤੀ ਚੂਚੇ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਇਸ ਨਾਲ ਚੂਚੇ ਗਰਮੀ ਦੇ ਸਰੋਤ ਤੋਂ ਦੂਰ ਨਹੀਂ ਹੁੰਦੇ ।

**3. ਖੁਰਾਕੀ ਪ੍ਰਬੰਧ** : ਚੂਚਿਆਂ ਦੀ ਸਿਹਤ ਅਤੇ ਸੰਭਾਲ ਲਈ ਇਹ ਜ਼ਰੂਰੀ ਹੈ ਕਿ ਖੁਰਾਕ ਵਿੱਚ ਕਿਸੀ ਤਰ੍ਹਾਂ ਦਾ ਜ਼ਹਿਰੀਲਾ ਪਦਾਰਥ ਨਾ ਹੋਵੇ । ਪੋਲਟਰੀ ਫਾਰਮਿੰਗ ਵਿੱਚ ਵਧੀਆ ਮੁਨਾਫੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਪੰਛੀਆਂ ਲਈ ਹਰ ਵੇਲੇ ਪਾਣੀ ਅਤੇ ਖੁਰਾਕ ਉਪਲਬਧ ਹੋਵੇ ਅਤੇ ਫੀਡ ਦੀ ਬਰਬਾਦੀ ਨੂੰ ਬਚਾਉਣ ਲਈ ਇਹ ਲਾਜ਼ਮੀ ਹੈ ਕਿ ਫੀਡਰ ਦੀ ਉਚਾਈ ਪੰਛੀਆਂ ਦੇ ਮੁਤਾਬਿਕ ਹੋਵੇ । ਫੀਡਰ ਦਾ ਆਕਾਰ ਵੀ ਫੀਡ ਦੀ ਬੱਚਤ ਵਿੱਚ ਇਕ ਵੱਡੀ ਭੂਮਿਕਾ ਅਦਾ ਕਰਦਾ ਹੈ । ਆਮ ਤੌਰ ਤੇ ਇਹ ਦੇਖਿਆ ਗਿਆ ਹੈ ਕਿ ਗੋਲਾਕਾਰ ਫੀਡਰ ਵਿੱਚ ਫੀਡ ਦੀ ਬੱਚਤ ਹੁੰਦੀ ਹੈ ਅਤੇ ਗੋਲਾਕਾਰ ਫੀਡਰ ਨਾਲ ਕਾਫੀ ਹੱਦ ਤੱਕ ਫੀਡ ਦੀ ਬਰਬਾਦੀ ਬਚਾਈ ਜਾ ਸਕਦੀ ਹੈ । ਪੋਲਟਰੀ ਪੰਛੀਆਂ ਦੀ ਵੱਧਦੀ ਉਮਰ ਦੇ ਹਿਸਾਬ ਨਾਲ ਫੀਡ ਦੀ ਰਚਨਾ ਨਿਰਧਾਰਿਤ ਹੁੰਦੀ ਹੈ ।

**4. ਪਾਣੀ ਪ੍ਰਬੰਧ** : ਪੰਛੀਆਂ ਦੀ ਖੁਰਾਕ ਵਿਚ ਪਾਣੀ ਸਭ ਤੋਂ ਮਹੱਤਵਪੂਰਨ ਤੱਤ ਹੈ ਅਤੇ ਇਹ ਪੰਛੀਆਂ ਦੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਦਾ 70-80% ਹਿੱਸਾ ਹੈ । ਪੰਛੀਆਂ ਨੂੰ ਪੀਣ ਲਈ ਤਾਜ਼ਾ ਅਤੇ ਸਾਫ ਪਾਣੀ ਦੇਣਾ ਚਾਹੀਦਾ ਹੈ ਕਿਉਕਿ ਪਾਣੀ ਦੀ ਘਾਟ ਪੰਛੀਆਂ ਦੀ ਪਾਚਨ ਸ਼ਕਤੀ ਅਤੇ ਸਿਹਤ ਤੇ ਮਾੜਾ ਅਸਰ ਪਾ ਸਕਦੀ ਹੈ । ਇਕ ਨਿਯਮ ਹਮੇਸ਼ਾ ਯਾਦ ਰੱਖੋ ਕਿ ਇੱਕ ਪੰਛੀ ਭਾਰ ਦੇ ਆਧਾਰ ਤੇ ਖੁਰਾਕ ਦੀ ਮਾਤਰਾ ਨਾਲੋਂ ਦੁਗਣਾ ਪਾਣੀ ਪੀ ਸਕਦਾ ਹੈ ਅਤੇ ਮਾਤਰਾ ਗਰਮੀਆਂ ਦੌਰਾਨ ਤਿੰਨ ਤੋਂ ਚਾਰ ਗੁਣਾ ਵੱਧ ਸਕਦੀ ਹੈ ।

**5. ਰਿਹਾਇਸ਼ੀ ਪ੍ਰਬੰਧ** : ਪੰਛੀਆਂ ਦੇ ਸ਼ੈੱਡ ਦੀ ਬਣਤਰ ਪੰਛੀਆਂ ਦੀਆਂ ਜ਼ਰੂਰਤਾਂ ਅਨੁਸਾਰ ਚਾਹੀਦੀ ਹੈ ਅਤੇ ਪੋਲਟਰੀ ਸ਼ੈੱਡ ਦਾ ਲੰਮਾ ਹਿੱਸਾ ਹਮੇਸ਼ਾਂ ਪੂਰਬ ਵੱਲ ਹੋਣਾ ਚਾਹੀਦਾ ਹੈ ਜਿਸ ਨਾਲ ਪੰਛੀਆਂ ਉੱਤੇ ਸਿੱਧੀ ਧੁੱਪ ਨਹੀਂ ਪੈਂਦੀ । ਪੋਲਟਰੀ ਸ਼ੈੱਡ ਦਾ ਆਕਾਰ ਪੰਛੀਆਂ ਦੀ ਗਿਣਤੀ ਤੇ ਨਿਰਭਰ ਕਰਦਾ ਹੈ । ਆਮ ਤੌਰ ਤੇ ਬਰਾਇਲਰ ਪੰਛੀਆਂ ਨੂੰ 1 ਵਰਗ ਫੁੱਟ ਅਤੇ ਮੁਰਗੀ ਨੂੰ 2 ਵਰਗ ਫੁੱਟ ਜਗ੍ਹਾ ਚਾਹੀਦੀ ਹੁੰਦੀ ਹੈ । ਸ਼ੈੱਡ ਦੀ ਲੰਬਾਈ ਕਿਸੇ ਵੀ ਹੱਦ ਤੱਕ ਹੋ ਸਕਦੀ ਹੈ ਪਰ ਚੌੜਾਈ 22 ਤੋਂ 25 ਫੁੱਟ ਤੋਂ ਵੱਧ ਨਹੀਂ ਹੋਣੀ ਚਾਹੀਦੀ । ਬੁਨਿਆਦ ਤੋਂ ਲੈ ਕੇ ਛੱਤ ਦੇ ਪਾਸਿਆਂ ਦੀ ਉਚਾਈ 6 ਤੋਂ 7 ਫੁੱਟ ਕੇਂਦਰ ਵਿੱਚ 10 ਤੋਂ 12 ਫੁੱਟ ਹੋਣੀ ਚਾਹੀਦੀ ਹੈ ।

**6. ਸਿਹਤ ਪ੍ਰਬੰਧ** : ਵਧੀਆ ਮੁਨਾਫੇ ਲਈ ਇਹ ਲਾਜ਼ਮੀ ਹੈ ਕਿ ਪੰਛੀਆਂ ਦੀ ਸਿਹਤ ਦਾ ਪੂਰਾ ਧਿਆਨ ਰੱਖਿਆ ਜਾਵੇ ਅਤੇ ਪੰਛੀਆਂ ਦੀ ਖਰਾਬ ਸਿਹਤ ਦਾ ਸਿੱਧਾ ਅਸਰ ਪੋਲਟਰੀ ਪਾਲਣ ਦੀ ਆਰਥਿਕਤਾ ਤੇ ਹੁੰਦਾ ਹੈ । ਅਸੀਂ ਸਾਫ ਪਾਣੀ, ਸਾਫ ਖੁਰਾਕ ਅਤੇ ਸਾਫ ਵਾਤਾਵਰਣ ਦੇ ਰਾਹੀਂ ਪੋਲਟਰੀ ਪੰਛੀਆਂ ਨੂੰ ਬਿਮਾਰੀਆਂ ਤੋਂ ਦੂਰ ਰੱਖ ਸਕਦੇ ਹਾਂ । ਫਾਰਮ ਵਿੱਚ ਬਿਮਾਰੀਆਂ ਦੀ ਰੋਕਥਾਮ ਲਈ ਪੰਛੀਆਂ ਦਾ ਟੀਕਾਕਰਨ ਕੀਤਾ ਜਾਣਾ ਚਾਹੀਦਾ ਹੈ ।

| ਮੀਟ ਲਈ ਪਾਲੀਆਂ ਜਾਣ ਵਾਲੀਆਂ ਮੁਰਗੀਆਂ (ਬਰਾਇਲਰ) ਲਈ ਟੀਕਾਕਰਣ : | | |
|---|---|---|
| **ਕਿਸਮ** | **ਉਮਰ** | **ਜਗ੍ਹਾ** |
| ਐਮ.ਡੀ. | ਪਹਿਲੇ ਦਿਨ | ਚਮੜੀ |
| ਰਾਣੀ ਖੇਤ (RDVF$_1$) | 5-7 ਦਿਨ | ਨੱਕ/ਅੱਖ |
| ਆਈ.ਬੀ.ਡੀ. (IBD) | 14 ਦਿਨ | ਨੱਕ/ਅੱਖ |
| ਰਾਣੀ ਖੇਤ (RDVLaSota) | 21 ਦਿਨ | ਪਾਣੀ ਰਾਹੀਂ |
| ਆਈ.ਬੀ.ਡੀ. (IBD) | 28 ਦਿਨ | ਪਾਣੀ ਰਾਹੀਂ |
| **ਅੰਡੇ ਦੇਣ ਵਾਲੀਆਂ ਮੁਰਗੀਆਂ ਲਈ ਟੀਕਾਕਰਣ :** | | |
| **ਕਿਸਮ** | **ਉਮਰ** | **ਜਗ੍ਹਾ** |
| ਐਮ.ਡੀ. (MD) | ਪਹਿਲੇ ਦਿਨ | ਚਮੜੀ |
| ਰਾਣੀ ਖੇਤ (RDVF$_1$) | 5-7 ਦਿਨ | ਨੱਕ/ਅੱਖ |
| ਆਈ.ਬੀ.ਡੀ. (IBD) | 14 ਦਿਨ | ਨੱਕ/ਅੱਖ |
| ਇਨਫੈਕਸ਼ੀਅਸ ਬਰੌਕਾਈਟਸ (Infectious Bronchitious) | 20 ਦਿਨ | ਨੱਕ/ਅੱਖ ਜਾਂ ਪਾਣੀ |
| ਆਈ.ਬੀ.ਡੀ. (IBD) | 25 ਦਿਨ (ਬੂਸਟਰ) | ਨੱਕ/ਅੱਖ |
| ਰਾਣੀ ਖੇਤ (LaSota) | 30 ਦਿਨ | ਪਾਣੀ |
| ਮੁਰਗੀ ਪੋਕਸ (Fool pox) | 42 ਦਿਨ | ਖੰਭ ਦੀ ਚਮੜੀ |
| ਰਾਣੀ ਖੇਤ (R$_2$B) | 56 ਦਿਨ | ਮਾਸਪੇਸ਼ੀ/ਚਮੜੀ |
| ਇਨਫੈਕਸ਼ੀਅਸ ਬਰੌਕਾਈਟਸ (I B) | 90 ਦਿਨ (ਬੂਸਟਰ) | ਪਾਣੀ |
| ਮੁਰਗੀ ਪੋਕਸ (Fool pox) | 110 ਦਿਨ | ਖੰਭ ਦੀ ਚਮੜੀ |
| ਰਾਣੀ ਖੇਤ (R$_2$B) | 130 ਦਿਨ (ਬੂਸਟਰ) | ਮਾਸਪੇਸ਼ੀ/ਚਮੜੀ |
| ਰਾਣੀ ਖੇਤ (LaSota) | 200 ਦਿਨ | ਪਾਣੀ |

| ਗੁਣ | ਬ੍ਰਾਇਲਰ ਸਟਾਰਟਰ ਫੀਡ | ਬ੍ਰਾਇਲਰ ਫਿਨਿਸ਼ਰ ਫੀਡ | ਚੂਚਿਆਂ ਦੀ ਫੀਡ | ਗਰੋਅਰ ਫੀਡ | ਲੇਅਰ ਫੀਡ | ਬਰੀਡਰ ਫੀਡ |
|---|---|---|---|---|---|---|
| ਨਮੀ (ਵੱਧ ਤੋਂ ਵੱਧ %) | 11 | 11 | 11 | 11 | 11 | 11 |
| ਕੱਚਾ ਪ੍ਰੋਟੀਨ (ਘੱਟ ਘੱਟ %) | 23 | 20 | 20 | 16 | 18 | 18 |
| ਰੇਸ਼ਾ (ਵੱਧ ਤੋਂ ਵੱਧ %) | 6 | 6 | 7 | 8 | 8 | 8 |
| ਤੇਜਾਬ 'ਚ ਅਘੁਲਣਸ਼ੀਲ ਸੁਆਹ (ਵੱਧ ਤੋਂ ਵੱਧ %) | 3 | 3 | 4 | 4 | 4 | 4 |
| ਲੂਣ (ਵੱਧ ਤੋਂ ਵੱਧ %) | 0.6 | 0.6 | 0.6 | 0.6 | 0.6 | 0.6 |
| ਕੈਲਸ਼ੀਅਮ (ਘੱਟ ਘੱਟ %) | 1.2 | 1.2 | 1.0 | 1.0 | 3.0 | 3.0 |
| ਫਾਸਫੋਰਸ (ਘੱਟ ਘੱਟ %) | 0.5 | 0.5 | 0.5 | 0.5 | 0.5 | 0.5 |
| ਲਾਈਸਾਈਨ (ਘੱਟ ਘੱਟ %) | 1.2 | 1.0 | 0.9 | 0.6 | 0.65 | 0.65 |
| ਮਿਥੋਨੀਨ (ਘੱਟ ਘੱਟ %) | 0.5 | 0.35 | 0.3 | 0.25 | 0.3 | 0.3 |
| ਊਰਜਾ (ਕਿਲੋ ਕੈਲਰੀ/ਕਿਲੋਗ੍ਰਾਮ) | 2800 | 2900 | 2600 | 2500 | 2600 | 2600 |
| ਮੈਗਨੀਜ਼ (ਮਿਲੀਗ੍ਰਾਮ/ਕਿਲੋਗ੍ਰਾਮ) | 90 | 90 | 90 | 90 | 90 | 90 |
| ਵਿਟਾਮਿਨ ਏ (ਆਈ ਯੂ/ਕਿਲੋਗ੍ਰਾਮ) | 6000 | 6000 | 6000 | 6000 | 6000 | 6000 |
| ਵਿਟਾਮਿਨ ਡੀ (ਆਈ ਯੂ/ਕਿਲੋਗ੍ਰਾਮ) | 600 | 600 | 600 | 600 | 600 | 600 |
| ਵਿਟਾਮਿਨ ਈ (ਮਿਲੀਗ੍ਰਾਮ/ਕਿਲੋਗ੍ਰਾਮ) | 15 | 15 | 15 | 10 | 10 | 10 |
| ਵਿਟਾਮਿਨ ਕੇ (ਮਿਲੀਗ੍ਰਾਮ/ਕਿਲੋਗ੍ਰਾਮ) | 1 | 1 | 1 | 1 | 1 | 1 |
| ਰਿਬੋਫਲੇਵਿਨ (ਮਿਲੀਗ੍ਰਾਮ/ਕਿਲੋਗ੍ਰਾਮ) | 6 | 6 | 6 | 3 | 3 | 3 |
| ਬਾਇਓਟਿਨ (ਮਿਲੀਗ੍ਰਾਮ/ਕਿਲੋਗ੍ਰਾਮ) | 0.2 | 0.2 | 0.2 | 0.15 | 0.15 | 0.15 |
| ਪਿਰੀਡੋਕਸਾਈਨ (ਮਿਲੀਗ੍ਰਾਮ/ਕਿਲੋਗ੍ਰਾਮ) | 5 | 5 | 5 | 5 | 5 | 8 |
| ਐਫਲਾਟੋਕਸਿਨ (ਪੀ.ਪੀ.ਵੀ. ਤੋਂ ਘੱਟ) | 50 | 50 | 50 | 50 | 50 | 50 |

### ਨਿੰਮ-ਆਧਾਰਿਤ ਕੀਟਨਾਸ਼ਕਾਂ ਨੂੰ ਘਰ ਵਿੱਚ ਆਸਾਨੀ ਨਾਲ ਤਿਆਰ ਕੀਤਾ ਜਾ ਸਕਦਾ ਹੈ

# ਰਸਾਇਣਿਕ ਖੇਤੀ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਂਦੀ ਹੈ 'ਨਿੰਮ'

ਡਾ. ਨੇਹਾ ਚੌਹਾਨ, ਡਾ. ਪੰਕਜ ਸੂਦ

ਭਾਰਤੀ ਪਰੰਪਰਾ ਵਿੱਚ ਨਿੰਮ ਨੂੰ ਇੱਕ ਔਸ਼ਧੀ ਭਰਪੂਰ ਰੁੱਖ ਮੰਨਿਆ ਜਾਂਦਾ ਹੈ। ਪ੍ਰਾਚੀਨ ਆਯੁਰਵੇਦ ਤੋਂ ਲੈ ਕੇ ਆਧੁਨਿਕ ਜੈਵਿਕ ਖੇਤੀ ਤੱਕ, ਨਿੰਮ ਨੇ ਆਪਣੀ ਉਪਯੋਗਤਾ ਨੂੰ ਸਿੱਧ ਕੀਤਾ ਹੈ। ਅੱਜ, ਜਦੋਂ ਖੇਤੀਬਾੜੀ ਰਸਾਇਣਾਂ ਦੀ ਅੰਨ੍ਹੇਵਾਹ ਵਰਤੋਂ ਜ਼ਮੀਨ, ਪਾਣੀ ਅਤੇ ਮਨੁੱਖੀ ਸਿਹਤ 'ਤੇ ਮਾੜਾ ਪ੍ਰਭਾਵ ਪਾ ਰਹੀ ਹੈ, ਤਾਂ ਨਿੰਮ ਦੇ ਉਤਪਾਦ ਇੱਕ ਸਿਹਤਮੰਦ ਅਤੇ ਟਿਕਾਊ ਵਸਤੂ ਵਜੋਂ ਉੱਭਰੇ ਹਨ।

ਇਸ ਦੇ ਦਾਣੇ, ਕੇਕ, ਪੱਤੇ, ਤੇਲ ਅਤੇ ਸੱਕ ਦੀ ਵਰਤੋਂ ਨਾ ਸਿਰਫ ਫ਼ਸਲਾਂ ਨੂੰ ਬਿਮਾਰੀਆਂ ਤੋਂ ਬਚਾਉਂਦੀ ਹੈ, ਸਗੋਂ



ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਬਣਾਈ ਰੱਖਦੀ ਹੈ ਅਤੇ ਮਨੁੱਖੀ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਂਦੀ ਹੈ।

**ਜੈਵਿਕ ਖੇਤੀ ਵਿੱਚ ਨਿੰਮ ਦੀ ਮਹੱਤਤਾ**

ਜੈਵਿਕ ਖੇਤੀ ਵਿੱਚ ਨਿੰਮ ਦੀ ਸਭ ਤੋਂ ਪ੍ਰਭਾਵਸ਼ਾਲੀ ਵਰਤੋਂ ਦੇਖੀ ਗਈ ਹੈ। ਜੈਵਿਕ ਖੇਤੀ ਦੇ ਬੁਨਿਆਦੀ ਸਿਧਾਂਤ - ਕੁਦਰਤੀ ਸਰੋਤਾਂ ਤੋਂ ਪੋਸ਼ਣ ਅਤੇ ਕੀਟ ਨਿਯੰਤਰਣ - ਨਿੰਮ ਵਿੱਚ ਪੂਰੀ ਤਰ੍ਹਾਂ ਮੌਜੂਦ ਹਨ। ਇਸ ਦੇ ਦਾਣਿਆਂ ਤੋਂ ਪ੍ਰਾਪਤ ਅਜ਼ਾਡੀਰੇਕਟਿਨ ਯੌਗਿਕ ਕੀੜਿਆਂ ਦੀਆਂ ਲਗਭਗ 300 ਕਿਸਮਾਂ 'ਤੇ ਪ੍ਰਭਾਵਸ਼ਾਲੀ ਪ੍ਰਭਾਵ ਪਾਉਂਦਾ ਹੈ।

ਇਹ ਕੀੜਿਆਂ ਦੀ ਖੁਰਾਕ, ਅੰਡਕੋਸ਼, ਪ੍ਰਜਨਨ ਅਤੇ ਵਿਕਾਸ ਪ੍ਰਕਿਰਿਆਵਾਂ ਨੂੰ ਰੋਕਦਾ ਹੈ। ਇਹ ਕੀੜਿਆਂ ਨੂੰ ਖੁਦ ਮਾਰਦਾ ਹੈ, ਪਰ ਫ਼ਸਲ ਜਾਂ ਵਾਤਾਵਰਣ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦਾ। ਖੇਤੀ ਵਿੱਚ ਨਿੰਮ ਦੀ ਵਰਤੋਂ, ਮਿੱਟੀ ਨੂੰ ਕੀਟਾਣੂ ਰਹਿਤ ਕਰਨ, ਨੁਕਸਾਨਦੇਹ ਸੂਖਮ ਜੀਵਾਂ ਨੂੰ ਮਾਰਨ ਅਤੇ ਪੌਸ਼ਟਿਕ ਤੱਤਾਂ ਦੀ ਉਪਲੱਬਧਤਾ ਵਧਾਉਣ ਵਿੱਚ ਮਦਦ ਕਰਦੀ ਹੈ। ਨਿੰਮ ਕੇਕ ਦੀ ਵਰਤੋਂ ਚੌਲ, ਕਣਕ, ਮੱਕੀ, ਤੇਲ ਬੀਜਾਂ ਅਤੇ ਦਾਲਾਂ ਦੀਆਂ ਫ਼ਸਲਾਂ ਵਿੱਚ 125 ਤੋਂ 150 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਦੀ ਦਰ ਨਾਲ ਕੀਤੀ ਜਾਂਦੀ ਹੈ।

ਇਹ ਨਾ ਸਿਰਫ ਖਾਦ ਵਜੋਂ ਕੰਮ ਕਰਦਾ ਹੈ, ਸਗੋਂ ਮਿੱਟੀ ਦੀ ਬਣਤਰ ਨੂੰ ਵੀ ਸੁਧਾਰਦਾ ਹੈ। ਫਲਾਂ ਦੇ ਰੁੱਖਾਂ ਨੂੰ ਹਰ ਛੇ ਮਹੀਨਿਆਂ ਵਿੱਚ ਪ੍ਰਤੀ ਪੌਦਾ 500-1000 ਗ੍ਰਾਮ ਦੀ ਦਰ ਨਾਲ ਨਿੰਮ ਕੇਕ ਦਿੱਤਾ ਜਾ ਸਕਦਾ ਹੈ।

**ਨਿੰਮ-ਆਧਾਰਿਤ ਕੀਟਨਾਸ਼ਕਾਂ ਦੀ ਤਿਆਰੀ** : ਨਿੰਮ-ਆਧਾਰਿਤ ਕੀਟਨਾਸ਼ਕਾਂ ਨੂੰ ਘਰ ਵਿੱਚ ਆਸਾਨੀ ਨਾਲ ਤਿਆਰ ਕੀਤਾ ਜਾ ਸਕਦਾ ਹੈ, ਜਿਸ ਨਾਲ ਕਿਸਾਨਾਂ ਲਈ ਲਾਗਤ ਘਟਦੀ ਹੈ ਅਤੇ ਜੈਵਿਕ ਉਪਜ ਦੀ ਗੁਣਵੱਤਾ ਬਣਾਈ ਰੱਖੀ ਜਾਂਦੀ ਹੈ।

**ਨਿੰਮ ਪਾਊਡਰ ਸਪਰੇਅ** : ਨਿੰਮ ਦੇ ਤੇਲ ਨੂੰ ਪੀਸ ਕੇ ਅਤੇ ਇਸ ਨੂੰ ਲੱਕੜ ਦੇ ਛਿਲਕੇ ਜਾਂ ਚੌਲਾਂ ਦੇ ਛਿਲਕੇ ਨਾਲ ਮਿਲਾ ਕੇ ਤਿਆਰ ਕੀਤਾ ਗਿਆ ਪਾਊਡਰ ਪੱਤਿਆਂ ਅਤੇ ਤਣਿਆਂ 'ਤੇ ਲਗਾਇਆ ਜਾਂਦਾ ਹੈ। ਕੀੜੇ ਇਸ ਨੂੰ ਗ੍ਰਹਿਣ ਕਰਨ 'ਤੇ ਅਕਿਰਿਆਸ਼ੀਲ ਹੋ ਜਾਂਦੇ ਹਨ।

**ਨਿੰਮ ਦੇ ਤੇਲ ਦੀ ਸਪਰੇਅ** : ਨਿੰਮ ਦੇ ਤੇਲ ਨੂੰ ਪਾਣੀ ਵਿੱਚ ਸਾਬਣ ਪਾਊਡਰ ਨਾਲ ਮਿਲਾਇਆ ਜਾਂਦਾ ਹੈ ਅਤੇ ਪ੍ਰਤੀ ਹੈਕਟੇਅਰ 5-10 ਲੀਟਰ ਦੀ ਦਰ ਨਾਲ ਸਪਰੇਅ ਕੀਤਾ ਜਾਂਦਾ ਹੈ। ਇਹ ਥ੍ਰਿਪਸ, ਤੇਲਾ, ਚਿੱਟੀ ਮੱਖੀਆਂ ਅਤੇ ਐਫਿਡਜ਼ ਵਰਗੇ ਕੀੜਿਆਂ ਦੇ ਵਿਰੁੱਧ ਪ੍ਰਭਾਵਸ਼ਾਲੀ ਹੈ।

**ਨਿੰਮ ਦੇ ਦਾਣੇ ਦਾ ਐਬਸਟਰੈਕਟ** : ਨਿੰਮ ਦੇ ਦਾਣੇ ਨੂੰ ਬਾਰੀਕ ਪੀਸ ਲਉ ਅਤੇ ਉਨ੍ਹਾਂ ਨੂੰ ਮਲਮਲ ਦੇ ਥੈਲੇ ਵਿੱਚ ਰਾਤ ਭਰ ਪਾਣੀ ਵਿੱਚ ਭਿਓਂ ਦਿਉ। ਸਵੇਰੇ ਮਿਸ਼ਰਣ ਨੂੰ ਨਿਚੋੜ ਕੇ ਐਬਸਟਰੈਕਟ ਬਣਾਉ। ਇਹ ਪੱਤੇ ਖਾਣ ਵਾਲੇ ਕੀੜਿਆਂ ਨੂੰ ਬਚਾਉਂਦਾ ਹੈ।

**ਨਿੰਮ ਦੇ ਪੱਤਿਆਂ ਦਾ ਘੋਲ** : ਜੇਕਰ ਬੀਜ, ਤੇਲ ਜਾਂ ਕੇਕ ਉਪਲੱਬਧ ਨਹੀਂ ਹੈ ਤਾਂ ਹਰੇ ਨਿੰਮ ਦੇ ਪੱਤਿਆਂ ਨੂੰ



ਪੀਸ ਲਉ, ਉਨ੍ਹਾਂ ਨੂੰ 10 ਲੀਟਰ ਪਾਣੀ ਵਿੱਚ ਘੋਲ ਦਿਉ ਅਤੇ ਸਪਰੇਅ ਕਰੋ।

**ਵਾਤਾਵਰਣ ਯੋਗਦਾਨ** : ਨਿੰਮ ਦੇ ਦਰੱਖਤ ਨਾ ਸਿਰਫ ਮਨੁੱਖਾਂ ਅਤੇ ਫ਼ਸਲਾਂ ਲਈ ਲਾਭਦਾਇਕ ਹਨ, ਸਗੋਂ ਇਹ ਵਾਤਾਵਰਣ ਸੁਰੱਖਿਆ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**ਮਿੱਟੀ ਦੀ ਸੰਭਾਲ** : ਨਿੰਮ ਦੇ ਦਰੱਖਤ ਦੀਆਂ ਜੜ੍ਹਾਂ ਮਿੱਟੀ ਦੇ ਕਟੌਤੀ ਨੂੰ ਰੋਕਦੀਆਂ ਹਨ ਅਤੇ ਬੰਜਰ ਜ਼ਮੀਨ ਨੂੰ ਮੁੜ ਪ੍ਰਾਪਤ ਕਰਨ ਵਿੱਚ ਮੱਦਦ ਕਰਦੀਆਂ ਹਨ।

**ਜਲਵਾਯੂ ਸਹਿਣਸ਼ੀਲਤਾ** : ਨਿੰਮ ਸੀਮਤ ਪਾਣੀ ਦੇ ਨਾਲ ਵੀ ਵਧਦਾ-ਫੁੱਲਦਾ ਹੈ ਅਤੇ ਸੋਕਾ-ਰੋਧਕ ਫ਼ਸਲ ਪ੍ਰਣਾਲੀਆਂ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ।

**ਜੈਵਿਕ ਬਹਾਲੀ** : ਨਿੰਮ ਨੂੰ ਖਾਰੇ ਅਤੇ ਖਾਰੀ ਮਿੱਟੀ ਵਿੱਚ ਸਫਲਤਾਪੂਰਵਕ ਉਗਾਇਆ ਗਿਆ ਹੈ, ਜੋ ਕਿ ਡਿੱਗੀਆਂ ਜ਼ਮੀਨਾਂ ਨੂੰ ਉਪਜਾਊ ਬਣਾਉਣ ਵਿੱਚ ਮਦਦ ਕਰਦਾ ਹੈ।

**ਨਿੰਮ ਦਾ ਸੰਗ੍ਰਹਿ ਅਤੇ ਪ੍ਰੋਸੈਸਿੰਗ** : ਨਿੰਮ ਦੇ ਦਾਣੇ ਜੂਨ-ਜੁਲਾਈ ਵਿੱਚ ਪੱਕਦੇ ਅਤੇ ਡਿੱਗਦੇ ਹਨ। ਜ਼ਮੀਨ 'ਤੇ ਡਿੱਗਣ ਤੋਂ ਪਹਿਲਾਂ ਉਨ੍ਹਾਂ ਨੂੰ ਰੁੱਖ ਤੋਂ ਵੱਢਣਾ ਸਭ ਤੋਂ ਵਧੀਆ ਹੈ, ਕਿਉਂਕਿ ਇਹ ਉਦੋਂ ਹੁੰਦਾ ਹੈ, ਜਦੋਂ ਉਨ੍ਹਾਂ ਵਿੱਚ ਅਜ਼ਾਡੀਰੇਕਟਿਨ ਦੀ ਸਭ ਤੋਂ ਵੱਧ ਮਾਤਰਾ ਹੁੰਦੀ ਹੈ। ਨਿੰਮ ਦੇ ਦਾਣਿਆਂ ਨੂੰ ਫੰਗਾਈ ਅਤੇ ਕੀੜਿਆਂ ਤੋਂ ਬਚਾਉਣ ਲਈ ਤੁਰੰਤ ਸੁਕਾ ਲੈਣਾ ਚਾਹੀਦਾ ਹੈ। ਸੁਕਾਉਣ ਲਈ ਬੋਰੀਆਂ ਜਾਂ ਚਟਾਈ ਦੀ ਵਰਤੋਂ ਕਰੋ। ਸਖਤ ਫਰਸ਼ ਜਾਂ ਪਲਾਸਟਿਕ ਦੀਆਂ ਚਾਦਰਾਂ ਤੋਂ ਬਚੋ।

ਨਿੰਮ ਦੇ ਦਾਣਿਆਂ ਤੋਂ ਤੇਲ ਕੱਢਣ ਦਾ ਸਭ ਤੋਂ ਵਧੀਆ ਸਮਾਂ 3-6 ਮਹੀਨੇ ਹੁੰਦਾ ਹੈ। ਇਸ ਤੋਂ ਬਾਅਦ ਤੇਲ ਦੀ ਮਾਤਰਾ ਅਤੇ ਗੁਣਵੱਤਾ ਦੋਵੇਂ ਘੱਟ ਜਾਂਦੇ ਹਨ।

ਜੇਕਰ ਹਰ ਕਿਸਾਨ ਆਪਣੇ ਖੇਤ ਵਿੱਚ ਇੱਕ ਨਿੰਮ ਦਾ ਰੁੱਖ ਲਗਾਵੇ ਅਤੇ ਇਸ ਦੇ ਉਤਪਾਦਾਂ ਦੀ ਸਹੀ ਵਰਤੋਂ ਕਰੇ, ਤਾਂ ਅਸੀਂ ਰਸਾਇਣਿਕ ਖੇਤੀ ਦੇ ਮਾੜੇ ਪ੍ਰਭਾਵਾਂ ਤੋਂ ਕਾਫ਼ੀ ਹੱਦ ਤੱਕ ਬਚ ਸਕਦੇ ਹਾਂ।

# ਖੇਤੀਬਾੜੀ ਖੇਤਰ ਵਿੱਚ ਭਾਰਤ ਦੀ ਕਾਮਯਾਬੀ ਦਾ ਨਵਾਂ ਮੁਕਾਮ : ਸਾਲ 2025 ਦਾ ਸਫ਼ਰ

ਸਾਲ 2014 ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਸੱਤਾ ਸੰਭਾਲਣ ਦੇ ਇੱਕ ਦਹਾਕੇ ਬਾਅਦ, ਭਾਰਤ ਦਾ ਖੇਤੀਬਾੜੀ ਖੇਤਰ ਸਾਲ 2025 ਤੱਕ ਪੂਰੀ ਤਰ੍ਹਾਂ ਬਦਲ ਚੁੱਕਿਆ ਹੈ। ਕਦੇ ਘੱਟ ਉਤਪਾਦਕਤਾ, ਕੀਮਤਾਂ ਵਿੱਚ ਅਨਿਸ਼ਚਿਤਤਾ ਅਤੇ ਦਰਾਮਦ 'ਤੇ ਨਿਰਭਰਤਾ ਨਾਲ ਜੁੜਦੀ ਵਿਵਸਥਾ, ਹੁਣ ਰਿਕਾਰਡ ਉਤਪਾਦਨ, ਕਿਸਾਨਾਂ ਲਈ ਯਕੀਨੀ ਆਮਦਨ, ਵਿਗਿਆਨਕ ਨਵੀਨਤਾ ਅਤੇ ਲੰਬੇ ਸਮੇਂ ਦੀ ਸਵੈ-ਨਿਰਭਰਤਾ ਨਾਲ ਭਰਪੂਰ ਹੈ। ਦਰਅਸਲ 2025 ਨੂੰ ਅਹਿਮ ਬਣਾਉਣ ਪਿੱਛੇ ਕੋਈ ਇੱਕ ਯੋਜਨਾ ਜਾਂ ਅੰਕੜਾ ਨਹੀਂ ਹੈ, ਸਗੋਂ 11 ਸਾਲਾਂ ਦੇ ਸੁਧਾਰਾਂ ਦਾ ਇੱਕ ਸੁਮੇਲ ਅਤੇ ਭਵਿੱਖ ਲਈ ਤਿਆਰ ਖੇਤੀਬਾੜੀ ਢਾਂਚੇ ਵਿੱਚ ਏਕੀਕਰਨ ਹੈ।

**ਖਿੰਡੇ ਹੋਏ ਤੋਂ ਕੇਂਦ੍ਰਿਤ ਨਜ਼ਰੀਏ ਵੱਲ** : 2025 ਵਿੱਚ ਸ਼ੁਰੂ ਕੀਤੀ ਗਈ ਪ੍ਰਧਾਨ ਮੰਤਰੀ ਧਨ-ਧਾਨਯ ਕ੍ਰਿਸ਼ੀ ਯੋਜਨਾ (ਪੀ. ਐਮ. ਡੀ. ਡੀ. ਕੇ. ਵਾਈ.) ਨੇ ਨਿਸ਼ਾਨਾਬੱਧ ਅਤੇ ਨਤੀਜਿਆਂ 'ਤੇ ਫੋਕਸ ਕਰਨ ਵਾਲੇ ਖੇਤੀਬਾੜੀ ਸੁਧਾਰਾਂ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਚੁੱਕਿਆ ਹੈ। ਕੇਂਦਰੀ ਬਜਟ 2025-26 ਵਿੱਚ ਐਲਾਨੀ ਅਤੇ ਜੁਲਾਈ ਵਿੱਚ ਕੇਂਦਰੀ ਕੈਬਨਿਟ ਵੱਲੋਂ ਮਨਜ਼ੂਰਸ਼ੁਦਾ ਇਹ ਯੋਜਨਾ, 100 ਘੱਟ ਪ੍ਰਦਰਸ਼ਨ ਕਰਨ ਵਾਲੇ ਜ਼ਿਲ੍ਹਿਆਂ 'ਤੇ ਕੇਂਦ੍ਰਿਤ ਹੈ ਅਤੇ ਇਸ ਦਾ ਮਕਸਦ 1.7 ਕਰੋੜ ਕਿਸਾਨਾਂ ਨੂੰ ਲਾਭ ਪਹੁੰਚਾਉਣਾ ਹੈ। ਇਸਦੇ ਲਈ ਸਲਾਨਾ 24,000 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ, ਤਾਂਕਿ ਘੱਟ ਉਤਪਾਦਕਤਾ, ਪਾਣੀ ਦੇ ਸੰਕਟ ਅਤੇ ਕਰਜ਼ੇ ਦੀ ਘਾਟ ਵਰਗੀਆਂ ਮੁਸ਼ਕਿਲਾਂ ਦਾ ਹੱਲ ਕੀਤਾ ਜਾ ਸਕੇ।

**ਦਾਲਾਂ : ਸਵੈ-ਨਿਰਭਰਤਾ ਵੱਲ ਇੱਕ ਰਣਨੀਤਕ ਸਫ਼ਲਤਾ** : ਸਾਲ 2025 ਵਿੱਚ, ਭਾਰਤ ਨੇ ਦਰਾਮਦ 'ਤੇ ਨਿਰਭਰਤਾ ਘੱਟ ਕਰਨ ਲਈ 11,440 ਕਰੋੜ ਰੁਪਏ ਦੇ ਖ਼ਰਚੇ ਨਾਲ ਦਾਲਾਂ ਵਿੱਚ ਆਤਮ-ਨਿਰਭਰਤਾ ਮਿਸ਼ਨ ਦੀ ਸ਼ੁਰੂਆਤ ਕੀਤੀ। ਇਸ ਮਿਸ਼ਨ ਦਾ ਟੀਚਾ, 2030-31 ਤੱਕ 350 ਲੱਖ ਟਨ ਦਾਲਾਂ ਦਾ ਉਤਪਾਦਨ ਅਤੇ 310 ਲੱਖ ਹੈਕਟੇਅਰ ਵਿੱਚ ਦਾਲਾਂ ਦੀ ਖੇਤੀ ਕਰਨਾ ਹੈ।

ਪਹਿਲੀ ਵਾਰ, ਅਰਹਰ, ਮਾਂਹ ਅਤੇ ਮਸਰ ਉਗਾਉਣ ਵਾਲੇ ਕਿਸਾਨਾਂ ਨੂੰ ਵੱਡੀ ਪੱਧਰ 'ਤੇ ਗੁਣਵੱਤਾ ਵਾਲੇ ਬੀਜ ਵੰਡਣ ਦੇ ਨਾਲ ਚਾਰ ਸਾਲਾਂ ਲਈ 100 ਫ਼ੀਸਦੀ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਖ਼ਰੀਦ ਦਾ ਭਰੋਸਾ ਦਿੱਤਾ ਗਿਆ ਹੈ। ਲਗਭਗ 2 ਕਰੋੜ ਕਿਸਾਨਾਂ ਨੂੰ ਲਾਭ ਪਹੁੰਚਾਉਣ ਵਾਲਾ ਇਹ ਮਿਸ਼ਨ, ਵੈਲੀਊ ਚੈਨ ਨੂੰ ਮਜ਼ਬੂਤ ਕਰਦਾ ਹੈ, ਆਮਦਨ ਨੂੰ ਸਥਿਰ ਕਰਦਾ ਹੈ ਅਤੇ ਪੋਸ਼ਣ ਸੁਰੱਖਿਆ ਨੂੰ ਉਤਸ਼ਾਹਿਤ ਕਰਦਾ ਹੈ।

**ਕਪਾਹ ਮਿਸ਼ਨ** : ਕੇਂਦਰੀ ਬਜਟ 2025-26 ਵਿੱਚ ਐਲਾਨੇ ਪੰਜ ਸਾਲਾ ਕਪਾਹ ਮਿਸ਼ਨ ਦਾ ਮਕਸਦ, ਕਿਸਾਨਾਂ ਨੂੰ ਵਿਗਿਆਨ ਅਤੇ ਟੈਕਨੋਲੋਜੀ ਸੰਬੰਧੀ ਮਦਦ ਦੇ ਕੇ ਉਤਪਾਦਕਤਾ ਵਧਾਉਣਾ ਹੈ, ਖ਼ਾਸ ਕਰ ਕੇ ਵਾਧੂ ਲੰਬੇ ਰੇਸ਼ੇ ਵਾਲੀ ਕਪਾਹ ਦੀ। ਗੁਣਵੱਤਾ ਵਾਲੀ ਕਪਾਹ ਦੀ ਲਗਾਤਾਰ ਸਪਲਾਈ ਕਰ ਕੇ, ਇਹ ਮਿਸ਼ਨ ਭਾਰਤ ਦੇ ਟੈਕਸਟਾਈਲ ਖੇਤਰ ਨੂੰ ਮਜ਼ਬੂਤ ਕਰਦਾ ਹੈ, ਜਿੱਥੇ 80 ਫ਼ੀਸਦੀ ਸਮਰੱਥਾ ਛੋਟੇ ਅਤੇ ਦਰਮਿਆਨੇ ਉੱਦਮਾਂ (ਐਮ. ਐਸ. ਐਮ. ਈ.) ਵੱਲੋਂ ਸੰਚਾਲਿਤ ਹੈ।

**ਰਿਕਾਰਡ ਉਤਪਾਦਨ : ਇੱਕ ਦਹਾਕੇ ਦੇ ਸੁਧਾਰਾਂ ਦਾ ਨਤੀਜਾ** : ਇਨ੍ਹਾਂ ਨੀਤੀਗਤ ਫ਼ੈਸਲਿਆਂ ਦਾ ਅਸਰ ਸਾਲ 2025 ਵਿੱਚ ਸਾਫ਼ ਤੌਰ 'ਤੇ ਦਿਖਾਈ ਦਿੱਤਾ। ਖੇਤੀਬਾੜੀ ਮੰਤਰਾਲੇ ਵੱਲੋਂ ਨਵੰਬਰ 2025 ਵਿੱਚ ਜਾਰੀ ਕੀਤੇ ਅੰਕੜਿਆਂ ਮੁਤਾਬਿਕ, ਭਾਰਤ ਨੇ 2024-25 ਵਿੱਚ 357.73 ਮਿਲੀਅਨ ਟਨ ਅਨਾਜ ਉਤਪਾਦਨ ਦੇ ਨਾਲ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਹਾਸਲ ਕੀਤਾ। ਇਹ 2015-16 ਦੇ ਮੁਕਾਬਲੇ 106 ਮਿਲੀਅਨ ਟਨ ਤੋਂ ਵੱਧ ਦਾ ਵਾਧਾ ਦਰਸਾਉਂਦਾ ਹੈ।

**2025 ਲਈ ਐਲਾਨੀਆਂ ਗਈਆਂ ਮੁੱਖ ਉਪਲਬਧੀਆਂ ਵਿੱਚ ਸ਼ਾਮਲ ਹਨ** : ਚੌਲਾਂ ਦਾ ਉਤਪਾਦਨ ਰਿਕਾਰਡ 1,501.84 ਲੱਖ ਟਨ ਕਣਕ ਦਾ ਉਤਪਾਦਨ 1,179.45 ਲੱਖ ਟਨ ਰਿਹਾ, ਜੋ ਹਾਲ ਹੀ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਸਾਲਾਨਾ ਵਾਧਾ ਹੈ।

ਦਾਲਾਂ ਦਾ ਉਤਪਾਦਨ 256.83 ਲੱਖ ਟਨ ਤੱਕ ਪਹੁੰਚਿਆ, ਤੇਲ ਬੀਜਾਂ ਦਾ ਉਤਪਾਦਨ ਰਿਕਾਰਡ 429.89 ਲੱਖ ਟਨ ਤੱਕ ਪਹੁੰਚਿਆ, 2025 ਦੀ ਪਹਿਲੀ ਤਿਮਾਹੀ ਵਿੱਚ ਭਾਰਤ ਦੇ ਖੇਤੀਬਾੜੀ ਖੇਤਰ ਨੇ 3.7 ਫ਼ੀਸਦੀ ਦਾ ਵਾਧਾ ਦਰਜ ਕੀਤਾ, ਜਿਸ ਨਾਲ ਇਹ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਵੱਧਦੀਆਂ ਖੇਤੀਬਾੜੀ ਅਰਥਵਿਵਸਥਾਵਾਂ ਵਿੱਚ ਸ਼ਾਮਲ ਹੋ ਗਿਆ।

**ਐਮ. ਐਸ. ਪੀ. : ਨੀਤੀਗਤ ਵਾਅਦੇ ਤੋਂ ਆਮਦਨ ਸੁਰੱਖਿਆ ਤੱਕ** : ਇਸ ਬਦਲਾਅ ਦਾ ਇੱਕ ਜ਼ਰੂਰੀ ਥੰਮ੍ਹ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਨੂੰ ਮਜ਼ਬੂਤ ਕਰਨਾ ਰਿਹਾ ਹੈ। 2014 ਤੋਂ ਪਹਿਲਾਂ, ਸੀਮਤ ਖ਼ਰੀਦ ਦੇ ਕਾਰਨ ਐਮ. ਐਸ. ਪੀ. ਅਕਸਰ ਪ੍ਰਤੀਕਾਤਮਕ ਹੀ ਰਹਿੰਦਾ ਸੀ ਪਰ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਐਮ. ਐਸ. ਪੀ. ਨੂੰ ਇੱਕ ਅਸਲੀ ਆਮਦਨ ਸੁਰੱਖਿਆ ਵਿਵਸਥਾ ਵਜੋਂ ਸੰਸਥਾਗਤ ਰੂਪ ਦਿੱਤਾ ਗਿਆ ਹੈ। 2025 ਵਿੱਚ ਸਰਕਾਰ ਨੇ 14 ਸਾਉਣੀ ਦੀਆਂ ਫ਼ਸਲਾਂ ਅਤੇ ਸਾਰੀਆਂ ਲਾਜ਼ਮੀ ਹਾੜ੍ਹੀ ਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਵਿੱਚ ਵਾਧੇ ਨੂੰ ਮਨਜ਼ੂਰੀ ਦਿੱਤੀ, ਜਿਸ ਵਿੱਚ ਉਤਪਾਦਨ ਲਾਗਤ ਦੇ 1.5 ਗੁਣਾ ਐਮ. ਐਸ. ਪੀ. ਨਿਰਧਾਰਤ ਕਰਨ ਦੇ ਸਿਧਾਂਤ ਦੀ ਸਖ਼ਤੀ ਨਾਲ ਪਾਲਣਾ ਕੀਤੀ ਗਈ।

**ਦਹਾਕੇ ਭਰ ਦੀ ਤੁਲਨਾ ਤੋਂ ਸਾਫ਼ ਹੁੰਦਾ ਹੈ** : ਝੋਨੇ ਦੀ ਖ਼ਰੀਦ (2014-15 ਤੋਂ 2024-25) 7,608 ਲੱਖ ਮੀਟ੍ਰਿਕ ਟਨ ਤੱਕ ਪਹੁੰਚ ਗਈ, ਜਦੋਂ ਕਿ ਇਸ ਤੋਂ ਪਿਛਲੇ ਦਹਾਕੇ ਵਿੱਚ ਇਹ 4,500 ਲੱਖ ਮੀਟ੍ਰਿਕ ਟਨ ਸੀ। ਝੋਨੇ ਦੇ ਕਿਸਾਨਾਂ ਦਾ ਐਮ. ਐਸ. ਪੀ. ਭੁਗਤਾਨ ਵੱਧ ਕੇ 14.16 ਲੱਖ ਕਰੋੜ ਰੁਪਏ ਹੋ ਗਿਆ, ਜੋ 2014 ਤੋਂ ਪਹਿਲਾਂ ਅਦਾ ਕੀਤੀ ਗਈ ਰਕਮ ਨਾਲੋਂ ਤਿੰਨ ਗੁਣਾ ਤੋਂ ਵੱਧ ਹੈ। ਸਾਉਣੀ ਦੀਆਂ 14 ਫ਼ਸਲਾਂ ਲਈ ਕੁੱਲ ਐਮ. ਐਸ. ਪੀ. ਭੁਗਤਾਨ 16.35 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ, ਜਦੋਂ ਕਿ ਪਹਿਲਾਂ ਇਹ 4.75 ਲੱਖ ਕਰੋੜ ਰੁਪਏ ਸੀ।

**ਰਾਸ਼ਟਰੀ ਤਰਜੀਹ ਵਜੋਂ ਖੇਤੀਬਾੜੀ** : ਜਨਤਕ ਨਿਵੇਸ਼ ਇਸ ਰਾਜਨੀਤਕ ਫੋਕਸ ਨੂੰ ਦਰਸਾਉਂਦਾ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਲਈ ਬਜਟ ਵੰਡ ਵਿੱਚ ਭਾਰੀ ਵਾਧਾ ਹੋਇਆ ਹੈ, ਜੋ 2013-14 ਵਿੱਚ 21,933.50 ਕਰੋੜ ਰੁਪਏ ਤੋਂ ਵੱਧ ਕੇ 2025-26 ਵਿੱਚ 1,27,290.16 ਕਰੋੜ ਰੁਪਏ ਹੋ ਗਿਆ ਹੈ।

# ਕਿਵੇਂ ਸੌ-ਸੌ ਸਾਲ ਜਿਊਂਦੇ ਰਹਿੰਦੇ ਨੇ ਜਾਪਾਨੀ ਲੋਕ?

**ਹਰੀ ਕ੍ਰਿਸ਼ਨ ਮਾਇਰ,** ਮੋ. 97806-67686



ਜਾਪਾਨ ਨੂੰ ਚੜ੍ਹਦੇ ਸੂਰਜ ਦਾ ਮੁਲਕ ਕਿਹਾ ਜਾਂਦਾ ਹੈ। ਦੂਜੇ ਵਿਸ਼ਵ ਯੁੱਧ ਵੇਲੇ ਪ੍ਰਮਾਣੂ ਬੰਬਾਂ ਨੇ ਇਸ ਮੁਲਕ ਨੂੰ ਢਹਿ-ਢੇਰੀ ਕਰਨ ਦੀ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਪਤਾ ਨਹੀਂ ਲੱਗਦਾ ਇੱਥੇ ਕਦ ਭੂਚਾਲ ਆ ਜਾਂਦੇ ਹਨ। ਜਾਪਾਨ ਨੇ ਸੁਨਾਮੀ ਨਾਲ ਵੀ ਮੱਥਾ ਲਾਇਆ ਸੀ। ਹਰ ਵਾਰ ਜਾਪਾਨ ਉੱਜੜ-ਉੱਜੜ ਕੇ ਮੁੜ ਵਸਦਾ ਰਿਹਾ ਹੈ। ਜਾਪਾਨ ਦੀ ਤਾਜ਼ੀ ਉਪਲਬਧੀ ਅੱਜ-ਕੱਲ੍ਹ ਅਖ਼ਬਾਰਾਂ ਦੀ ਖ਼ਬਰ ਬਣੀ ਹੋਈ ਹੈ। ਜਾਪਾਨ ਦੇ ਲੋਕਾਂ ਦੀ ਲੰਬੀ ਉਮਰ ਦੇ ਅੰਕੜੇ ਤੁਹਾਨੂੰ ਸਭ ਨੂੰ ਹੈਰਾਨ ਕਰ ਦੇਣਗੇ। ਜਾਪਾਨੀ ਔਰਤਾਂ ਔਸਤਨ 87.3 ਸਾਲ ਦੀ ਉਮਰ ਤੱਕ ਜਿਊਂਦੀਆਂ ਹਨ। ਹਾਂਗਕਾਂਗ ਤੋਂ ਬਾਅਦ ਵਿਸ਼ਵ ਭਰ ਵਿੱਚੋਂ, ਉਮਰ ਪੱਖੋਂ ਜਾਪਾਨੀ ਔਰਤਾਂ ਦੂਜੇ ਸਥਾਨ 'ਤੇ ਹਨ। ਜਦ ਕਿ



ਜਾਪਾਨੀ ਮਰਦ ਔਸਤਨ 81.3 ਸਾਲ ਦੀ ਉਮਰ ਤੱਕ ਜਿਊਂਦੇ ਹਨ ਜਿਹੜੇ ਵਿਸ਼ਵ ਭਰ ਵਿੱਚੋਂ ਤੀਜੇ ਸਥਾਨ 'ਤੇ ਹਨ। ਸਰਕਾਰ ਨੇ ਹੁਣੇ ਇੱਕ ਐਲਾਨ ਕੀਤਾ ਹੈ ਕਿ ਜਾਪਾਨ ਵੱਲੋਂ ਇੱਕ ਵਿਲੱਖਣ ਰਿਕਾਰਡ ਬਣਾਇਆ ਗਿਆ ਹੈ ਕਿ ਜਾਪਾਨ ਵਿੱਚ ਇਸ ਵੇਲੇ ਤਕਰੀਬਨ ਇੱਕ ਲੱਖ ਲੋਕਾਂ ਦੀ ਉਮਰ 100 ਸਾਲ ਤੋਂ ਉੱਪਰ ਹੈ। ਉਨ੍ਹਾਂ ਵਿੱਚ 88 ਫ਼ੀਸਦੀ ਔਰਤਾਂ ਹਨ। ਹੁਣ ਤੱਕ ਸਭ ਤੋਂ ਵੱਡੀ ਉਮਰ ਦੀ ਜਾਪਾਨੀ ਔਰਤ ਕਾਨੇ ਤਨਕਾ (Kane Tanaka) ਸੀ। ਜਿਸ ਦੀ 119 ਸਾਲ 107 ਦਿਨ ਦੀ ਉਮਰ ਭੋਗਣ ਉਪਰੰਤ, ਸੰਨ 2022 ਵਿੱਚ ਮੌਤ ਹੋ ਗਈ ਸੀ। ਮੌਜੂਦਾ ਨਿਬੰਧ ਉਨ੍ਹਾਂ ਕਾਰਕਾਂ ਬਾਰੇ ਚਰਚਾ ਛੇੜੇਗਾ, ਜਿਨ੍ਹਾਂ ਕਰਕੇ ਜਾਪਾਨੀ ਐਨੀ ਲੰਬੀ ਉਮਰ ਜਿਊਂਦੇ ਹਨ। ਆਓ, ਇੱਕ-ਇੱਕ ਕਰਕੇ ਸਮਝਣ ਦਾ ਯਤਨ ਕਰੀਏ।

### ਖਾਣ-ਪੀਣ

ਜਾਪਾਨੀ ਲੋਕ ਦਿਨ ਵਿੱਚ ਤਿੰਨ ਵਾਰੀ ਖਾਣਾ ਖਾਂਦੇ ਹਨ। ਭਾਵ ਕਿ ਨਾਸ਼ਤਾ, ਦੁਪਹਿਰ ਅਤੇ ਰਾਤ ਦਾ ਖਾਣਾ। ਖਾਣੇ ਵਿੱਚ ਭਰਪੂਰ ਤਾਜ਼ੀਆਂ ਮੌਸਮੀ ਸਬਜ਼ੀਆਂ, ਮੱਛੀ, ਸੋਇਆ ਪਦਾਰਥ ਟੋਫੂ, ਮੀਁਚ ਬਗੈਰਾ, ਸਮੁੰਦਰੀ ਭੋਜਨ ਆਦਿ ਸ਼ਾਮਲ ਹੁੰਦੇ ਹਨ। ਲਾਲ ਮੀਟ ਦੀ ਥਾਂ ਮੱਛੀ, ਆਂਡੇ ਅਤੇ ਹਫ਼ਤੇ ਵਿੱਚ ਦੋ ਜਾਂ ਤਿੰਨ ਵਾਰ ਸਮੁੰਦਰੀ ਭੋਜਨ ਦਾ ਸੇਵਨ ਕੀਤਾ ਜਾਂਦਾ ਹੈ। ਜਾਪਾਨੀ ਹਾਰਾ ਹਾਸ਼ੀ ਬੂ (hara hachi bu) ਦੇ ਅਸੂਲ ਹਨ, ਜਦ ਤੁਸੀਂ 80 ਫ਼ੀਸਦੀ ਤੱਕ ਰੱਜ ਗਏ, ਉਸ ਤੋਂ ਵੱਧ ਖਾਣਾ ਨਾ ਖਾਣਾ 'ਤੇ ਅਮਲ ਕਰਦੇ ਹਨ। ਭੋਜਨ ਵਿੱਚ ਚਾਵਲ ਤੇ ਨੂਡਲ, ਫ਼ਲਾਂ ਵਿੱਚ ਪਪੀਤਾ, ਸੰਗਤਰਾ, ਕੀਵੀ, ਪਾਈਨ ਐਪਲ, ਕੇਲਾ, ਕਿੰਨੂ, ਸਬਜ਼ੀਆਂ ਵਿੱਚ ਪਾਲਕ, ਬੰਦ ਗੋਭੀ, ਗਾਜਰ, ਮਿਰਚਾਂ, ਟਮਾਟਰ, ਫਲੀਆਂ, ਪੁੰਗਰੀਆਂ ਦਾਲਾਂ, ਸ਼ਕਰਕੰਦੀ, ਨੋਰੀ, ਕੋਂਬੂ ਬਗੈਰਾ ਸ਼ਾਮਿਲ ਕੀਤੇ ਜਾਂਦੇ ਹਨ। ਪੀਣ ਲਈ ਪਾਣੀ, ਗ੍ਰੀਨ ਟੀ, ਮਾਚਾ, ਕਾਲੀ ਚਾਹ ਦੀ ਵਰਤੋਂ ਕੀਤੀ ਜਾਂਦੀ ਹੈ।

ਭੋਜਨ ਵਿੱਚ ਡੇਅਰੀ ਉਤਪਾਦ, ਚਰਬੀ, ਸੂਰਜਮੁੱਖੀ ਦਾ ਤੇਲ, ਚਟਣੀਆਂ, ਮਿੱਠੇ ਸੀਰੀਅਲ, ਗੋਲੀਆਂ ਟਾਫ਼ੀਆਂ, ਸਾਫਟ ਡਰਿੰਕਾਂ, ਫਾਸਟ ਫੂਡ, ਆਈਸਕ੍ਰੀਮ, ਜੰਮੇ ਭੋਜਨ ਤੋਂ ਪ੍ਰਹੇਜ਼ ਕੀਤਾ ਜਾਂਦਾ ਹੈ। ਭਾਵੇਂ ਪੱਛਮੀ ਖਾਣ ਪੀਣ ਵੀ ਜਾਪਾਨੀਆਂ ਲਈ ਇੱਕ ਚੁਣੌਤੀ ਬਣਿਆ ਹੋਇਆ ਹੈ, ਫਿਰ ਵੀ ਅਮਰੀਕਾ ਵਿੱਚ ਕੁੱਲ ਵਸੋਂ ਦੇ 36 ਫ਼ੀਸਦੀ ਅਤੇ ਇੰਗਲੈਂਡ ਵਿੱਚ 28 ਫ਼ੀਸਦੀ ਨਾਲੋਂ ਜਾਪਾਨੀਆਂ ਵਿੱਚ ਮੋਟਾਪਾ ਤਕਰੀਬਨ 5 ਫ਼ੀਸਦੀ ਹੀ ਹੈ। ਜਿੱਥੇ ਵਿਸ਼ਵ ਭਰ ਵਿੱਚ ਖੰਡ ਅਤੇ ਨਮਕ ਦਾ ਰੁਝਾਨ ਵੱਧ ਰਿਹਾ ਹੈ, ਜਾਪਾਨੀ ਘੱਟ ਮਿੱਠਾ ਖਾਂਦੇ ਹਨ ਅਤੇ ਖਾਣ-ਪੀਣ ਵਿੱਚ ਨਮਕ ਦੀ ਵਰਤੋਂ ਨਾ-ਮਾਤਰ ਕਰਦੇ ਹਨ।

### ਸਿਹਤ ਦੀ ਦੇਖਭਾਲ

ਜਾਪਾਨ ਵਿੱਚ ਸਿਹਤ ਦੀ ਦੇਖ-ਰੇਖ ਦਾ ਵਿਆਪਕ ਪ੍ਰਬੰਧ ਹੈ। ਸਰਕਾਰ ਸਾਰਿਆਂ ਲਈ ਬਰਾਬਰ ਸਿਹਤ ਬੀਮਾ ਸਕੀਮ ਅਦਾ ਕਰਦੀ ਹੈ। ਨਿਰੰਤਰ ਰੋਗਾਂ ਦੀ ਚੈੱਕਅੱਪ, ਸਕੂਲਾਂ ਅਤੇ ਕੰਮ ਕਰਨ ਵਾਲੀਆਂ ਥਾਵਾਂ 'ਤੇ ਕੀਤੀ ਜਾਂਦੀ ਹੈ। ਪੀਣ ਲਈ ਸਾਫ਼ ਪਾਣੀ, ਕੂੜਾ-ਕਰਕਟ ਸਮੇਟਣ ਦਾ ਵਧੀਆ ਪ੍ਰਬੰਧ, ਘੱਟ ਪ੍ਰਦੂਸ਼ਣ ਹੋਣ ਕਰਕੇ ਬਜ਼ੁਰਗਾਂ ਦੇ ਰੋਗ ਨੇੜੇ ਵੀ ਨਹੀਂ ਢੁਕਦੇ। ਜਾਪਾਨ ਵਿੱਚ ਨਿੱਕੇ ਬੱਚਿਆਂ ਦੀ ਮੌਤ ਦਰ ਹੋਰਨਾਂ ਮੁਲਕਾਂ ਨਾਲੋਂ ਬੜੀ ਘੱਟ ਹੈ। ਵਡੇਰੀ ਉਮਰ ਦੇ ਲੋਕਾਂ ਨੂੰ ਵਿਸ਼ੇਸ਼ ਮੈਡੀਕਲ ਸਹੂਲਤਾਂ ਉਪਲੱਬਧ ਹੁੰਦੀਆਂ ਹਨ। ਉਹ ਸਮਾਜਿਕ ਸਮਾਗਮਾਂ ਵਿੱਚ ਸ਼ਮੂਲੀਅਤ ਕਰਦੇ ਹਨ।

ਜਾਪਾਨੀਆਂ ਦਾ ਜਿਊਣ ਦਾ ਆਪਣਾ ਢੰਗ ਹੈ। ਖਾਣ ਪੀਣ, ਕਸਰਤ, ਪੈਦਲ ਤੁਰਨ, ਇਸ਼ਨਾਨ ਕਰਨ ਦੀਆਂ ਵੱਖਰੀਆਂ ਆਦਤਾਂ ਹਨ। ਜਾਪਾਨੀ ਜ਼ਿਆਦਾ ਸੈਰ ਕਰਦੇ, ਜ਼ਿਆਦਾ ਪੌੜੀਆਂ ਚੜ੍ਹਦੇ ਉਤਰਦੇ, ਸਰੀਰਕ ਕਸਰਤ ਕਰਦੇ ਹਨ। ਅੱਸੀ ਨੱਬੇ ਸਾਲ ਦੇ ਤੰਦਰੁਸਤ ਬਜ਼ੁਰਗ ਉੱਥੇ ਆਮ ਮਿਲ ਜਾਂਦੇ ਹਨ। ਕਾਰਾਂ ਚਲਾਉਂਦੇ ਹਨ।

### ਰੋਗਾਂ ਦੀ ਘਾਟ

ਜਾਪਾਨ ਵਿੱਚ ਛਾਤੀ ਅਤੇ ਪ੍ਰੋਸਟੇਟ ਦੇ ਕੈਂਸਰ ਨਾਲ ਘੱਟ ਲੋਕ ਮਰਦੇ ਹਨ। ਪੱਛਮੀ ਮੁਲਕਾਂ ਤੋਂ ਦਿਲ ਦੇ ਰੋਗੀ ਘੱਟ ਹਨ।

ਕਿਚਨ ਗਾਰਡਨ ਵਿੱਚ ਸਬਜ਼ੀਆਂ ਉਗਾਉਂਦੇ ਅਤੇ ਗੋਡੀ ਕਰਦੇ ਨਜ਼ਰ ਆ ਜਾਂਦੇ ਹਨ। ਕੱਠੇ ਹੋ ਕੇ ਗੱਪ-ਸ਼ੱਪ ਕਰਦੇ ਹਨ।

### ਸਮਾਜਿਕ ਭਾਈਚਾਰਾ

ਜਾਪਾਨੀਆਂ ਵਿੱਚ ਮਾਨਸਿਕ ਅਤੇ ਜਿਸਮਾਨੀ ਸਰਗਰਮੀ ਅਤੇ ਆਪਸੀ ਮੇਲਜੋਲ ਬੜਾ ਨੇੜਤਾ ਵਾਲਾ ਅਤੇ ਉਦੇਸ਼ ਵੀ ਸੰਵੇਦਨਾ ਭਰਪੂਰ (ikigai) ਹੁੰਦਾ ਹੈ।

ਗੂੜ੍ਹੀ ਤੇ ਮਜ਼ਬੂਤ ਸਮਾਜੀ ਸਾਂਝ ਹੁੰਦੀ ਹੈ। ਜਾਪਾਨ ਦੇ ਉਮਰ ਦਰਾਜ਼ ਲੋਕਾਂ ਵਿੱਚ ਇਹ ਰਿਵਾਜ਼ ਹੈ ਕਿ ਉਹ ਨਵਾਂ ਕੁੱਝ ਸਿੱਖਦੇ ਹਨ। ਜਿਵੇਂ ਕੋਈ ਸਾਇਕਲ ਚਲਾਉਣਾ ਸਿੱਖ ਰਿਹਾ। ਕੋਈ ਸੰਗੀਤ ਸਿੱਖ ਰਿਹਾ। ਕੋਈ ਗੱਡੀ ਚਲਾਉਣੀ ਸਿੱਖ ਰਿਹਾ। ਕੋਈ ਨਵੀਂ ਭਾਸ਼ਾ ਸਿੱਖ ਰਿਹਾ ਹੈ। ਆਪਣੀ ਹਾਂ-ਪੱਖੀ ਸੋਚ ਨਾਲ ਅੱਗੇ ਤੁਰ ਰਿਹਾ ਹੈ। ਬਜ਼ੁਰਗ ਇਕੱਠੇ ਸਮਾਗਮ ਕਰਦੇ ਹੱਸਦੇ-ਗਾਉਂਦੇ ਕਸਰਤਾਂ ਵੀ ਕਰਦੇ ਹਨ। ਸਮਾਜ ਲਈ ਕੰਮ ਵੀ ਕਰਦੇ ਹਨ।

ਸਰਗਰਮ ਰਹਿੰਦੇ ਹਨ। ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਸਰੀਰਕ ਕਾਰਜ, ਸੈਰ ਕਰਨੀ, ਬਾਗ਼ਬਾਨੀ, ਕਸਰਤਾਂ, ਘਰ ਦੇ ਕੰਮ ਕਾਜ ਲਈ ਸਕੂਟਰ ਕਾਰਾਂ ਦੀ ਥਾਂ ਪਬਲਿਕ ਵਾਹਨਾਂ ਦੀ ਵਰਤੋਂ ਕਰਦੇ ਹਨ।

ਰੇਡੀਉ ਟਾਇਸੋ (Taiso) ਸਦੀ ਤੋਂ ਜਾਪਾਨ ਵਿੱਚ ਪ੍ਰਚੱਲਤ ਸਰੀਰਕ ਕਸਰਤਾਂ ਦਾ ਆਵਾਜ਼ ਅਧਾਰਿਤ ਰੇਡੀਉ ਪ੍ਰੋਗਰਾਮ ਹੈ। ਇਸ ਪ੍ਰੋਗਰਾਮ ਨੂੰ ਲੋਕ ਸੁਣ ਕੇ ਸੌਖੀਆਂ ਸਰੀਰਕ ਕਸਰਤਾਂ ਕਰਦੇ ਆ ਰਹੇ ਹਨ। ਇਨ੍ਹਾਂ ਕਸਰਤਾਂ ਦਾ ਸਰੀਰ ਦੇ ਤੁਰਨ-ਫਿਰਨ ਵਿੱਚ ਕਾਫ਼ੀ ਫਾਇਦਾ ਹੁੰਦਾ ਹੈ। ਇਕੀਗਾਈ (ikigai) ਹੈਕਟਰ ਗਾਰਸੀਆ ਅਤੇ ਫਰਾਂਸੇਕ ਮਿਰਾਲੇਸ ਦੀ ਇੱਕ ਲਾਜਵਾਬ ਜਾਪਾਨੀ ਪੁਸਤਕ ਹੈ, ਜੋ ਲੰਬੀ ਖ਼ੁਸ਼ਹਾਲ ਜ਼ਿੰਦਗੀ ਜੀਣ ਅਤੇ ਮਾਣਨ ਦੇ ਭੇਤ ਸਮਝਾਉਂਦੀ ਹੈ, ਅੱਜਕੱਲ੍ਹ ਵਿਸ਼ਵ ਪੱਧਰ ਤੇ ਇਹ ਪੁਸਤਕ ਚਰਚਿਤ ਹੋ ਰਹੀ ਹੈ।

### ਅਨੂਵੰਸ਼ਿਕ ਜਾਂ ਗੈਰ-ਅਨੂਵੰਸ਼ਿਕ ਕਾਰਨ

ਖੋਜੀਆਂ ਅਨੁਸਾਰ ਕੁੱਝ ਜਾਪਾਨੀਆਂ ਦੀ ਵੱਧ ਉਮਰ ਅਨੂਵੰਸ਼ਿਕ ਕਾਰਨਾਂ ਕਰਕੇ ਵੀ ਹੈ। ਜਿਨ੍ਹਾਂ ਦੇ ਬਾਬੇ ਦਾਦੇ ਅਰੋਗ ਉਮਰ ਜੀਅ ਕੇ ਗਏ, ਉਨ੍ਹਾਂ ਦੀ ਔਲਾਦ ਵਡੇਰੀ ਉਮਰ ਵਾਲੀ ਅਤੇ ਤੰਦਰੁਸਤ ਰਹਿੰਦੀ ਹੈ। ਉਮਰ ਦੇ ਵਡੇਰੀ ਹੋਣ ਦੇ ਹੋਰ ਗੈਰ ਅਨੂਵੰਸ਼ਿਕ ਕਾਰਨ ਵੀ ਹੋ ਸਕਦੇ ਹਨ। ਮਨੁੱਖ ਦੇ ਰਹਿਣ-ਸਹਿਣ, ਖਾਣ-ਪੀਣ, ਰੋਗ ਨਿਵਾਰਕ ਦਵਾਈਆਂ ਲੈਣ, ਸਰੀਰਕ ਕ੍ਰਿਆਵਾਂ ਦੇ ਵਧੀਆ ਕਾਰਜਸ਼ੀਲ ਹੋਣ ਨਾਲ ਵੀ ਉਮਰ ਲੰਬੀ ਹੋ ਸਕਦੀ ਹੈ।

### ਮਾਨਸਿਕਤਾ ਅਤੇ ਕਦਰਾਂ ਕੀਮਤਾਂ

ਬਜ਼ੁਰਗਾਂ ਨੂੰ ਸਤਿਕਾਰ ਮਿਲਦਾ ਹੈ। ਸਮੁਦਾਇ ਵਿੱਚ ਮਾਨਤਾ ਮਿਲਦੀ ਹੈ। ਉਮਰ ਦਰਾਜ਼ ਲੋਕਾਂ ਪ੍ਰਤੀ ਲੋਕਾਂ ਦਾ ਰਵੱਈਆ ਹਾਂ-ਪੱਖੀ ਹੈ। ਇਹ ਮਨੋਵਿਗਿਆਨਕ ਵਰਤਾਰੇ ਹਨ, ਜੋ ਬਜ਼ੁਰਗਾਂ ਨੂੰ ਢਹਿੰਦੀ ਕਲਾ ਵਿੱਚ ਨਹੀਂ ਜਾਣ ਦਿੰਦੇ। ਸੌ ਸਾਲਾਂ ਦੇ ਬਜ਼ੁਰਗ ਆਪਣੇ ਆਪ ਨੂੰ ਉਪਯੋਗੀ ਮੰਨਦੇ ਹਨ। ਲੋਕਾਂ ਨਾਲ ਜੁੜੇ ਹੁੰਦੇ ਹਨ। ਸ਼ਾਂਤ ਅਤੇ ਸੰਤੁਸ਼ਟ ਹੁੰਦੇ ਹਨ। ਸਮਾਜਿਕ ਤੌਰ 'ਤੇ ਹਰ ਵੇਲੇ ਸਰਗਰਮ ਅਤੇ ਮਦਦਗਾਰ ਸਾਬਤ ਹੁੰਦੇ ਹਨ।

### ਦੁਨੀਆਂ ਜਾਪਾਨੀਆਂ ਤੋਂ ਕੁੱਝ ਸਿੱਖ ਸਕਦੀ ਹੈ

ਆਪਣੇ ਆਪ ਨੂੰ ਜਿਵੇਂ ਤੁਹਾਨੂੰ ਕੁਦਰਤ ਨੇ ਬਣਾਇਆ, ਉਸੇ ਨੂੰ ਪ੍ਰਵਾਨ ਕਰੋ। ਸਾਦਾ ਤੇ ਸੰਤੁਲਿਤ ਆਹਾਰ ਲਓ। ਚਿੰਤਾ-ਮੁਕਤ ਜੀਵਨ ਜੀਓ। ਸਮਾਜ ਨਾਲ ਜੁੜੇ ਰਹੋ। ਨੀਂਦ ਪੂਰੀ ਲਓ। ਚੁਸਤ ਫੁਰਤ ਰਹੋ। ਸੈਰ ਕਰੋ, ਕਸਰਤਾਂ ਕਰੋ। ਗੱਪ-ਸ਼ੱਪ ਕਰੋ, ਖੁੱਲ੍ਹ ਕੇ ਹੱਸੋ, ਗਾਓ, ਮਸਤੀ ਕਰੋ। ਜਾਪਾਨੀਆਂ ਨੇ ਇਹ ਦਿਖਾ ਦਿੱਤਾ ਹੈ ਕਿ ਬੁਢਾਪਾ ਵੀ ਉਮਰ ਦਾ ਖ਼ੁਸ਼ਗਵਾਰ ਪੜਾਅ ਹੁੰਦਾ ਹੈ। ਬੁੱਢੇ ਕਮਜ਼ੋਰ ਨਹੀਂ, ਸਗੋਂ ਸਮਾਜ ਦਾ ਆਦਰਯੋਗ ਹਿੱਸਾ ਹੁੰਦੇ ਹਨ। ਰੈਫਰੈਂਸ ਪੁਸਤਕਾਂ ਵਰਗੇ, ਜਿਨ੍ਹਾਂ ਦਾ ਹਰ ਪੰਨਾ ਤੁਹਾਡੀ ਜ਼ਿੰਦਗੀ ਦੀ ਅਗਵਾਈ ਕਰਦਾ ਹੈ। ਆਓ, ਆਪਾਂ ਵੀ ਉਮਰ ਜਿਊਣ ਲਈ ਆਪਣਾ ਨਜ਼ਰੀਆ ਬਦਲੀਏ।

# ਪੋਸ਼ਣ ਲਈ ਅਨਮੋਲ ਖ਼ੁਰਾਕ ਤਿਲ

ਤਿਲ ਦੇ ਬੀਜ ਮਨੁੱਖੀ ਪੋਸ਼ਣ ਦਾ ਉੱਤਮ ਸਰੋਤ ਹਨ। ਤਿਲਾਂ ਵਿੱਚ 40-53% ਉੱਚ-ਗੁਣਵੱਤਾ ਵਾਲਾ ਤੇਲ ਹੁੰਦਾ ਹੈ, ਜੋ ਤਿਲ ਨੂੰ ਸਭ ਤੋਂ ਲਾਹੇਵੰਦ ਤੇਲਬੀਜ ਫ਼ਸਲਾਂ ਵਿੱਚੋਂ ਇੱਕ ਬਣਾਉਂਦਾ ਹੈ। ਇਸ ਦੇ 65% ਬੀਜਾਂ ਨੂੰ ਤੇਲ ਬਣਾਉਣ ਲਈ ਅਤੇ ਬਾਕੀ ਬੀਜਾਂ ਨੂੰ ਸਿੱਧਾ ਵਰਤਿਆ ਜਾਂਦਾ ਹੈ। ਤਿਲਾਂ ਨੂੰ ਇਸਦੇ ਸੁਆਦਲੇ, ਗਿਰੀਦਾਰ ਸਵਾਦ ਸਦਕਾ ਬੇਕਰੀ, ਮਿਠਾਈਆਂ ਅਤੇ ਹੋਰ ਭੋਜਨ ਪਦਾਰਥਾਂ ਵਿੱਚ ਵਰਤਿਆ ਜਾਂਦਾ ਹੈ। ਤੇਲ ਤੋਂ ਇਲਾਵਾ, ਤਿਲਾਂ ਦੇ ਬੀਜਾਂ ਵਿੱਚ 18-25% ਪ੍ਰੋਟੀਨ ਅਤੇ ਲਗਭਗ 15% ਕਾਰਬੋਹਾਈਡਰੇਟ ਹੁੰਦੇ ਹਨ, ਜੋ ਊਰਜਾ ਅਤੇ ਪੋਸ਼ਣ ਦਾ ਸੰਤੁਲਿਤ ਸਰੋਤ ਹਨ। ਇਹ ਕੈਲਸ਼ੀਅਮ, ਆਇਰਨ, ਜ਼ਿੰਕ, ਮੈਗਨੀਸ਼ੀਅਮ, ਫਾਸਫੋਰਸ ਅਤੇ ਤਾਂਬਾ ਵਰਗੇ ਜ਼ਰੂਰੀ ਖਣਿਜਾਂ ਨਾਲ ਵੀ ਭਰਪੂਰ ਹੁੰਦੇ ਹਨ। ਤਿਲ ਵਿੱਚ ਦੁੱਧ ਜਾਂ ਗਿਰੀਆਂ ਨਾਲੋਂ ਲਗਭਗ ਤਿੰਨ ਗੁਣਾ ਜ਼ਿਆਦਾ ਕੈਲਸ਼ੀਅਮ ਹੁੰਦਾ ਹੈ, ਜੋ ਇਸਨੂੰ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਲਈ ਇੱਕ ਵਧੀਆ ਭੋਜਨ ਬਣਾਉਂਦਾ ਹੈ। ਇਹਨਾਂ ਖਣਿਜਾਂ ਦੇ ਨਾਲ, ਤਿਲ ਦੇ ਬੀਜਾਂ ਵਿੱਚ ਫਾਈਬਰ, ਵਿਟਾਮਿਨ (ਖਾਸ ਕਰਕੇ ਵਿਟਾਮਿਨ ਈ ਅਤੇ ਵਿਟਾਮਿਨ ਬੀ 1) ਅਤੇ ਕਈ ਤਰ੍ਹਾਂ ਦੇ ਐਂਟੀਆਕਸੀਡੈਂਟ ਮੌਜੂਦ ਹੁੰਦੇ ਹਨ। ਖਾਸ ਕਰਕੇ ਇਹਨਾਂ ਵਿੱਚ ਵਿਟਾਮਿਨ ਈ, ਲਿਗਨਾਨ ਜਿਵੇਂ ਕਿ ਸੇਸਾਮਿਨ (0.4-1.1%), ਸੇਸਾਮੋਲਿਨ (0.3-0.6%) ਅਤੇ ਸੇਸਾਮੋਲ ਮੌਜੂਦ ਹੁੰਦੇ ਹਨ। ਇਹਨਾਂ ਗੁਣਾਂ ਕਰਕੇ ਤਿਲਾਂ ਦਾ ਆਕਸੀਕਰਨ ਛੇਤੀ ਨਹੀਂ ਹੁੰਦਾ ਅਤੇ ਇਹ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਵੀ ਵਧਾਉਂਦੇ ਹਨ। ਤਿਲਾਂ ਦੇ ਤੇਲ ਨੂੰ ਇਸ ਲਈ ਵੀ ਵਧੀਆ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿੱਚ ਓਮੇਗਾ-6 ਦਿਮਾਗ ਦੇ ਕੰਮਕਾਜ, ਸਰੀਰ ਦੇ ਮੈਟਾਬੋਲਿਜ਼ਮ ਨੂੰ ਨਿਯਮਤ ਕਰਨ, ਪ੍ਰਜਨਨ ਪ੍ਰਣਾਲੀ ਨੂੰ ਬਣਾਈ ਰੱਖਣ ਅਤੇ ਚਮੜੀ ਅਤੇ ਵਾਲਾਂ ਨੂੰ ਤੰਦਰੁਸਤ ਰੱਖਣ ਵਿੱਚ



ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਤਿਲ ਦੇ ਤੇਲ ਵਿੱਚ ਪੂਫਾ ਦੀ ਭਰਪੂਰਤਾ ਇਸਨੂੰ ਗੁਣਵੱਤਾ ਵਾਲਾ ਤੇਲ ਬਣਾਉਂਦੀ ਹੈ। ਪੂਫਾ ਤੋਂ ਇਲਾਵਾ, ਤਿਲ ਦੇ ਤੇਲ ਵਿੱਚ ਟੋਕੋਫੇਰੋਲ, ਫਾਈਟੋਸਟੀਰੋਲ, ਲਿਗਨਾਨ (ਸੀਸਾਮਿਨ, ਸੀਸਾਮੋਲਿਨ, ਸੀਸਾਮੋਲ) ਅਤੇ ਹੋਰ ਕੁਦਰਤੀ ਐਂਟੀਆਕਸੀਡੈਂਟਸ ਦੀ ਮੌਜੂਦਗੀ ਸਰੀਰ ਦੇ ਸੈੱਲਾਂ ਨੂੰ ਕਈ ਬਿਮਾਰੀਆਂ ਤੋਂ ਬਚਾਉਣ ਵਿੱਚ ਮਦਦ ਕਰਦੀ ਹੈ।

ਉਪਰੋਕਤ ਗੁਣਾਂ ਤੋਂ ਇਲਾਵਾ ਤਿਲਾਂ ਵਿੱਚ ਵੱਖ-ਵੱਖ ਚਿਕਿਤਸਕ ਗੁਣ ਹੁੰਦੇ ਹਨ। ਤਿਲਾਂ ਦੇ ਤੇਲ ਨੂੰ ਹਜ਼ਾਰਾਂ ਸਾਲਾਂ ਦੇ ਜ਼ਖ਼ਮਾਂ ਨੂੰ ਠੀਕ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ। ਤਿਲ ਦੇ ਬੀਜਾਂ ਵਿੱਚ ਲਿਗਨਾਨ ਪਦਾਰਥਾਂ ਕਰਕੇ ਇਹ ਐਂਟੀਵਾਇਰਲ, ਐਂਟੀ-ਬੈਕਟੀਰੀਅਲ ਅਤੇ ਐਂਟੀ-ਫੰਗਲ ਪਦਾਰਥ ਦੇ ਤੌਰ ਤੇ ਵਰਤੇ ਜਾਂਦੇ ਹਨ। ਤਿਲ ਦੇ ਬੀਜ ਆਪਣੀ ਉੱਚ ਫਾਈਟੋਸਟੀਰੋਲ (400-413 ਮਿਲੀਗ੍ਰਾਮ / 100 ਗ੍ਰਾਮ) ਗੁਣਵੱਤਾ ਲਈ ਵੀ ਜਾਣੇ ਜਾਂਦੇ ਹਨ ਅਤੇ ਮੰਨਿਆ ਜਾਂਦਾ ਹੈ ਕਿ ਇਹ ਖ਼ੂਨ ਵਿੱਚ ਕੋਲੈਸਟ੍ਰੋਲ ਦੇ ਪੱਧਰ ਨੂੰ ਘਟਾਉਣ ਵਿੱਚ ਮੱਦਦ ਕਰਦੇ ਹਨ।

ਭਾਰਤ ਹਰ ਸਾਲ ਵੱਡੀ ਮਾਤਰਾ ਵਿੱਚ ਖਾਣ ਵਾਲੇ ਤੇਲਾਂ ਦਾ ਆਯਾਤ ਕਰਦਾ ਹੈ ਕਿਉਂਕਿ ਘਰੇਲੂ ਤੇਲ ਬੀਜ ਉਤਪਾਦਨ ਵਧਦੀ ਮੰਗ ਨੂੰ ਪੂਰਾ ਕਰਨ ਲਈ ਅਸਮਰੱਥ ਹੈ। ਤਿਲ ਇਸ ਨਿਰਭਰਤਾ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ ਕਿਉਂਕਿ ਇਹਨਾਂ ਦੀ ਕਾਸ਼ਤ ਘੱਟ ਪਾਣੀ ਅਤੇ ਮਾੜੀਆਂ ਜ਼ਮੀਨਾਂ ਤੇ ਘੱਟ-ਲਾਗਤ ਨਾਲ ਕੀਤੀ ਜਾ ਸਕਦੀ ਹੈ। ਰਾਜ ਵਿੱਚ ਤਿਲ ਦੀ ਕਾਸ਼ਤ ਨੂੰ ਹੁਲਾਰਾ ਦੇਣ ਲਈ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪਿਛਲੇ ਸਮੇਂ ਤਿਲਾਂ ਦੀ ਇੱਕ ਸੁਧਾਰੀ ਕਿਸਮ, 'ਪੰਜਾਬ ਤਿਲ ਨੰਬਰ 2' ਜਾਰੀ ਕੀਤੀ। ਇਹ ਕਿਸਮ ਪ੍ਰਤੀ ਏਕੜ 2.8 ਕੁਇੰਟਲ ਝਾੜ ਦਿੰਦੀ ਹੈ। ਇਸ ਵਿੱਚ 49% ਤੇਲ ਹੁੰਦਾ ਹੈ ਅਤੇ ਇਹ ਕਿਸਮ ਲਗਭਗ 90 ਦਿਨਾਂ ਵਿੱਚ ਪੱਕ ਜਾਂਦੀ ਹੈ। ਇਸ ਤੋਂ ਇਲਾਵਾ ਇਹ ਕਿਸਮ ਫਾਈਲੋਡੀ ਅਤੇ ਸਰਕੋਸਪੋਰਾ ਪੱਤਿਆਂ ਦੇ ਝੁਲਸ ਰੋਗ ਪ੍ਰਤੀ ਸਹਿਣਸ਼ੀਲ ਹੈ।

**ਮੋਨਿਕਾ ਚੌਧਰੀ ਅਤੇ ਸੰਜੁਲਾ ਸ਼ਰਮਾ,**
**ਭੋਜਨ ਅਤੇ ਪੋਸ਼ਣ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋ. 76965-59175)

# ਖੇਤੀਬਾੜੀ ਵਿੱਚ ਨਵੀਆਂ ਤਬਦੀਲੀਆਂ ਦਾ ਵੇਲਾ

**ਡਾ. ਰਣਜੀਤ ਸਿੰਘ,** ਮੋ. 94170-87328

ਸਾਲ 2025 ਖੇਤੀ ਲਈ ਬਹੁਤਾ ਵਧੀਆ ਨਹੀਂ ਰਿਹਾ । ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਔਧਿਓਂ ਵੱਧ ਵਸੋਂ ਖੇਤੀ 'ਤੇ ਨਿਰਭਰ ਕਰਦੀ ਹੈ। ਖੇਤੀ ਦਾ ਧੰਦਾ ਸਭ ਤੋਂ ਜ਼ਿਆਦਾ ਖ਼ਤਰਿਆਂ ਭਰਿਆ ਹੈ। ਫ਼ਸਲ ਬੀਜਣ ਤੋਂ ਘਰ ਆਉਣ ਤੱਕ ਖ਼ਤਰੇ ਦੇ ਬੱਦਲ ਮੰਡਰਾਉਂਦੇ ਰਹਿੰਦੇ ਹਨ। ਇਸ ਸਾਲ ਆਏ ਭਿਆਨਕ ਤੇ ਬੇਮੌਸਮੇ ਹੜ੍ਹਾਂ ਨੇ ਬਹੁਤ ਤਬਾਹੀ ਮਚਾਈ। ਸਤਲੁਜ, ਬਿਆਸ ਅਤੇ ਰਾਵੀ ਨਾਲ ਲੱਗਦੇ ਪਿੰਡਾਂ ਵਿੱਚ ਕੇਵਲ ਫ਼ਸਲਾਂ ਹੀ ਤਬਾਹ ਨਹੀਂ ਹੋਈਆਂ ਸਗੋਂ ਡੰਗਰ, ਸੰਦ ਅਤੇ ਟਰੈਕਟਰ ਆਦਿ ਵੀ ਹੜ੍ਹ ਗਏ। ਵੇਖਿਆ ਜਾਵੇ ਤਾਂ ਇਹ ਕੁਦਰਤੀ ਮਾਰ ਹੀ ਨਹੀਂ ਸਗੋਂ ਸਰਕਾਰੀ ਅਣਗਹਿਲੀ ਵੀ ਸੀ।

**ਇਸ ਸਾਲ ਆਏ ਭਿਆਨਕ ਤੇ ਬੇਮੌਸਮੇ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ । ਜਿਸ ਨਾਲ ਕਿਸਾਨਾਂ ਦਾ ਭਾਰੀ ਆਰਥਿਕ ਨੁਕਸਾਨ ਹੋਇਆ । ਬਿਪਤਾ ਵਿੱਚ ਪਏ ਕਿਸਾਨ ਦੀ ਮਦਦ ਲਈ ਕਈ ਸੰਸਥਾਵਾਂ ਅੱਗੇ ਆਈਆਂ...**

ਦਰਿਆਵਾਂ ਦੇ ਕੰਢੇ ਬੰਨ੍ਹ ਸੰਨ 1964 ਵਿੱਚ ਬਣਾਏ ਗਏ ਸਨ। ਇਸ ਨਾਲ ਲੱਖਾਂ ਏਕੜ ਧਰਤੀ ਵਾਹੀ ਲਈ ਪ੍ਰਾਪਤ ਹੋ ਗਈ ਸੀ। ਜੇਕਰ ਹਰ ਸਾਲ ਕੋਸ਼ਿਸ਼ ਕੀਤੀ ਜਾਂਦੀ ਤਾਂ ਇਹ ਬੰਨ੍ਹੀਆਂ ਹੁਣ ਤੱਕ ਕੰਕਰੀਟ ਦੀਆਂ ਬਣ ਜਾਣੀਆਂ ਸਨ ਅਤੇ ਹਾਲਾਤ ਸੁਖਾਵੇਂ ਰਹਿੰਦੇ ਸਨ। ਇਨ੍ਹਾਂ ਦੀ ਮੁਰੰਮਤ ਲਈ ਹਰੇਕ ਵਰ੍ਹੇ ਫੰਡ ਵੀ ਰੱਖਿਆ ਜਾਂਦਾ ਹੈ। ਇਹ ਮੁਰੰਮਤ ਹੁੰਦੀ ਜ਼ਰੂਰ ਹੈ ਪਰ ਕਾਗਜ਼ਾਂ ਤੀਕ ਸੀਮਤ ਰਹਿੰਦੀ ਹੈ। ਇਸ ਲਈ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦੀ ਵੀ ਜ਼ਿੰਮੇਵਾਰੀ ਹੈ।

ਮਈ-ਜੂਨ ਦੇ ਮਹੀਨਿਆਂ ਵਿੱਚ ਆਮ ਤੌਰ 'ਤੇ ਕਪਾਹ ਅਤੇ ਝੋਨੇ ਦੀ ਬਿਜਾਈ ਹੁੰਦੀ ਹੈ। ਉਦੋਂ ਪਾਣੀ ਖੁੱਲ੍ਹਾ ਛੱਡਣਾ ਚਾਹੀਦਾ ਹੈ ਤਾਂ ਕਿ ਬਰਸਾਤ ਦੇ ਆਉਣ ਵਾਲੇ ਪਾਣੀ ਲਈ ਝੀਲਾਂ ਵਿੱਚ ਥਾਂ ਬਣ ਸਕੇ ਪਰ ਅਜਿਹਾ ਨਹੀਂ ਕੀਤਾ ਗਿਆ ਸਗੋਂ ਗਰਮੀਆਂ ਵਿੱਚ ਪਾਣੀ ਦੇ ਕੱਟ ਲਗਾਏ ਗਏ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਸੰਬੰਧ ਵਿੱਚ ਮਾਹਿਰਾਂ ਦੀ ਇੱਕ ਵਿਸ਼ੇਸ਼ ਕਮੇਟੀ ਬਣਾਏ ਜੋ ਬੰਨ੍ਹਾਂ ਨੂੰ ਮਜ਼ਬੂਤ ਬਣਾਉਣ ਲਈ ਠੋਸ ਨੀਤੀ ਤਿਆਰ ਕਰੇ ਅਤੇ ਇਸ ਸੰਬੰਧੀ ਆਰੰਭ ਵਿੱਚ ਹੀ ਕੰਮ ਸ਼ੁਰੂ ਕੀਤਾ ਜਾਵੇ। ਦਰਿਆਵਾਂ ਵਿੱਚੋਂ ਰੇਤ ਬੱਜਰੀ ਆਦਿ ਕੱਢੀ ਜਾਂਦੀ ਹੈ। ਟਿੱਪਰ, ਟਰੱਕ, ਟਰੈਕਟਰ-ਟਰਾਲੀਆਂ ਬੰਨ੍ਹੀਆਂ ਨੂੰ ਤੋੜ ਕੇ ਅੰਦਰ ਜਾਂਦੇ ਹਨ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਪ੍ਰਧਾਨ ਮੰਤਰੀ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ 1600 ਕਰੋੜ ਰੁਪਏ ਦੀ ਸਰਕਾਰੀ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਜਿਹੜੀ ਕਿ ਹੜ੍ਹਾਂ ਨਾਲ ਖੇਤੀ ਦੇ ਹੋਏ ਵੱਡੇ ਨੁਕਸਾਨ ਦੀ ਭਰਪਾਈ ਲਈ ਬਹੁਤ ਘੱਟ ਹੈ। ਪੰਜਾਬ ਸਰਕਾਰ ਨੇ ਵੀ ਨੁਕਸਾਨ ਦੀ ਨਿਸ਼ਾਨਦੇਹੀ ਕਰਵਾਈ ਹੈ। ਹੜ੍ਹ ਪੀੜਤ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣ। ਹਾੜ੍ਹੀ ਦੀ ਬੀਜੀ ਫ਼ਸਲ ਤੋਂ ਅਪ੍ਰੈਲ ਵਿੱਚ ਜਾ ਕੇ ਆਮਦਨ ਆਵੇਗੀ। ਇਹ ਵੀ ਵਰਨਣਯੋਗ ਹੈ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਪੰਜਾਬੀਆਂ ਦੇ ਦਿਨ ਰਾਤ ਸਹਾਇਤਾ ਕੀਤੀ। ਪਾਣੀ ਵਿੱਚ ਘਿਰੇ ਲੋਕਾਂ ਨੂੰ ਬਾਹਰ ਕੱਢਿਆ, ਰੋਟੀ ਪਾਣੀ ਦਾ ਪ੍ਰਬੰਧ ਕੀਤਾ। ਪੰਜਾਬ ਵਿੱਚੋਂ ਹੀ ਨਹੀਂ ਸਗੋਂ ਹਰਿਆਣਾ, ਰਾਜਸਥਾਨ ਵਿੱਚੋਂ ਵੀ ਪੰਜਾਬੀਆਂ ਨੇ ਆਪਣੇ ਮੁਸੀਬਤ ਵਿੱਚ ਫਸੇ ਭਰਾਵਾਂ ਦੀ ਮਦਦ ਕੀਤੀ। ਪੰਜਾਬ ਦੇ ਕਲਾਕਾਰਾਂ ਨੇ ਵੀ ਖੁੱਲ੍ਹੇ ਦਿਲ ਨਾਲ ਮਾਇਕ ਸਹਾਇਤਾ ਵੰਡੀ।



**ਸਾਲ 2025 ਖੇਤੀ ਲਈ ਬਹੁਤ ਵਧੀਆ ਨਹੀਂ ਰਿਹਾ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਤੇ ਔਧਿਓਂ ਵੱਧ ਵਸੋਂ ਖੇਤੀ 'ਤੇ ਨਿਰਭਰ ਕਰਦੀ ਹੈ। ਇਸ ਸਾਲ ਆਏ ਭਿਆਨਕ ਤੇ ਬੇਮੌਸਮੇ ਹੜ੍ਹਾਂ ਨੇ ਬਹੁਤ ਤਬਾਹੀ ਮਚਾਈ। ਸਤਲੁਜ, ਬਿਆਸ ਅਤੇ ਰਾਵੀ ਨਾਲ ਲੱਗਦੇ ਪਿੰਡਾਂ ਵਿੱਚ ਕੇਵਲ ਫ਼ਸਲਾਂ ਹੀ ਤਬਾਹ ਨਹੀਂ ਹੋਈਆਂ ਸਗੋਂ ਡੰਗਰ, ਸੰਦ ਅਤੇ ਟਰੈਕਟਰ ਆਦਿ ਵੀ ਹੜ੍ਹ ਗਏ। ਵੇਖਿਆ ਜਾਵੇ ਤਾਂ ਇਹ ਕੁਦਰਤੀ ਮਾਰ ਹੀ ਨਹੀਂ ਸਗੋਂ ਕਿਸੇ ਹੱਦ ਤੱਕ ਸਰਕਾਰੀ ਅਣਗਹਿਲੀ ਵੀ ਸੀ...**



### ਹਾੜ੍ਹੀ ਦੀ ਬਿਜਾਈ ਲਈ ਪੰਜ ਨਵੀਆਂ ਕਿਸਮਾਂ ਦੀ ਖੋਜ

ਖੇਤੀ ਵਿਗਿਆਨੀਆਂ ਵੱਲੋਂ ਸੂਬੇ ਦੀ ਖੇਤੀ ਨੂੰ ਹੋਰ ਜ਼ਿਆਦਾ ਵਿਕਸਤ ਕਰਨ ਲਈ ਹਮੇਸ਼ਾਂ ਨਵੀਆਂ ਖੋਜਾਂ ਕੀਤੀਆਂ ਜਾ ਰਹੀਆਂ ਹਨ ਜਿਸ ਸਦਕਾ ਪੰਜਾਬ ਦਾ ਖੇਤੀ ਉਤਪਾਦਨ ਦੇਸ਼ ਦੇ ਸਾਰੇ ਸੂਬਿਆਂ ਨਾਲੋਂ ਜ਼ਿਆਦਾ ਰਿਹਾ ਹੈ। ਹੁਣ ਵੀ ਪੰਜਾਬ ਖੇਤੀਬਾੜੀ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਹਾੜ੍ਹੀ ਦੀ ਬਿਜਾਈ ਲਈ ਇਸ ਸਾਲ ਪੰਜ ਨਵੀਆਂ ਕਿਸਮਾਂ ਕਾਸ਼ਤ ਲਈ ਦਿੱਤੀਆਂ ਗਈਆਂ ਹਨ।

★ ਕਣਕ ਦੀ ਨਵੀਂ ਕਿਸਮ 'ਪੀਬੀਡਬਲਿਊ 872' ਹੈ ਜਿਸ ਦਾ ਝਾੜ 25 ਕੁਇੰਟਲ ਪ੍ਰਤੀ ਏਕੜ ਤੱਕ ਪ੍ਰਾਪਤ ਕੀਤਾ ਜਾ ਸਕਦਾ ਹੈ।

★ ਜੌਂਆਂ ਦੀ ਨਵੀਂ ਕਿਸਮ 'ਪੀਐਲ 942' ਹੈ ਜਿਸ ਦਾ ਝਾੜ 20 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਹੈ।

★ ਮੋਟੇ ਅਨਾਜਾਂ ਦੀ ਕਾਸ਼ਤ ਨੂੰ ਉਤਸ਼ਾਹਤ ਕਰਨ ਲਈ 'ਪੰਜਾਬ ਚੀਨਾ-1' ਅਤੇ 'ਪੰਜਾਬ ਕੰਗਣੀ-1' ਕਿਸਮਾਂ ਤਿਆਰ ਕੀਤੀਆਂ ਗਈਆਂ ਹਨ।

**ਉਪਜ ਦੇ ਪਦਾਰਥੀਕਰਨ ਨੂੰ ਉਤਸ਼ਾਹਿਤ ਕਰਨ ਲਈ ਕਈ ਨਵੇਂ ਉਤਪਾਦ ਤਿਆਰ ਕੀਤੇ ਹਨ ਤੇ ਉਨ੍ਹਾਂ ਨੂੰ ਵਪਾਰਕ ਪੱਧਰ 'ਤੇ ਤਿਆਰ ਕਰਨ ਲਈ ਕਈ ਕੰਪਨੀਆਂ ਨਾਲ ਸਮਝੌਤੇ ਵੀ ਕੀਤੇ ਗਏ ਹਨ। ਪੰਜਾਬ ਦੀ ਖੇਤੀ ਦੇ ਵਿਕਾਸ ਅਤੇ ਕਿਸਾਨ ਦੀ ਖ਼ੁਸ਼ਹਾਲੀ ਬਗੈਰ ਪੰਜਾਬ ਦਾ ਹੀ ਨਹੀਂ ਸਗੋਂ ਦੇਸ਼ ਦਾ ਵੀ ਸਮੁੱਚਾ ਵਿਕਾਸ ਨਹੀਂ ਹੋ ਸਕਦਾ ਕਿਉਂਕਿ ਭੋਜਨ ਮਨੁੱਖ ਦੀ ਪਹਿਲੀ ਲੋੜ ਹੈ।**

### ਬਾਗਬਾਨੀ ਤੇ ਪਸ਼ੂ-ਪਾਲਣ ਨੂੰ ਉਤਸ਼ਾਹਤ ਕਰੋ

ਪੰਜਾਬ ਦੇ ਕਿਸਾਨ ਦੀ ਆਮਦਨ ਵਿੱਚ ਵਾਧੇ ਤੇ ਰੁਜ਼ਗਾਰ ਦੇ ਵਸੀਲਿਆਂ ਲਈ ਬਾਗਬਾਨੀ ਅਤੇ ਪਸ਼ੂ-ਪਾਲਣ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ। ਪੰਜਾਬ ਵਿੱਚ ਦੁੱਧ ਦੀ ਬਹੁਤ ਜ਼ਿਆਦਾ ਮੰਗ ਹੈ। ਇਸ ਸਾਲ ਵਿੱਤ ਮੰਤਰੀ ਨੇ ਸੂਬੇ ਵਿੱਚ ਕੇਲੇ ਅਤੇ ਸੇਬਾਂ ਦੇ ਬਾਗ ਲਾਉਣ ਬਾਰੇ ਆਖਿਆ ਸੀ ਪਰ ਅਸਲੀਅਤ ਇਹ ਹੈ ਕਿ ਨਵੇਂ ਬਾਗ ਲੱਗਣ ਦੀ ਥਾਂ ਕੁੱਝ ਕਿਸਾਨ ਪੁਰਾਣੇ ਬਾਗ ਪੁੱਟ ਰਹੇ ਹਨ। ਇਸੇ ਤਰ੍ਹਾਂ ਸਬਜ਼ੀਆਂ ਹੇਠ ਵੀ ਰਕਬੇ ਵਿੱਚ ਵਾਧਾ ਨਹੀਂ ਹੋਇਆ। ਕੇਵਲ ਆਲੂਆਂ ਹੇਠ ਰਕਬਾ ਵੱਧਿਆ ਹੈ ਕਿਉਂਕਿ ਆਲੂ ਉਤਪਾਦਕਾਂ ਨੇ ਆਪਣੀ ਸੰਸਥਾ ਬਣਾ ਕੇ ਆਪਣੇ ਹੱਕਾਂ ਦੀ ਰਾਖੀ ਕੀਤੀ ਹੈ।

**ਪ੍ਰਧਾਨ ਮੰਤਰੀ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ 1600 ਕਰੋੜ ਰੁਪਏ ਦੀ ਸਰਕਾਰੀ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਜਿਹੜੀ ਕਿ ਹੜ੍ਹਾਂ ਨਾਲ ਖੇਤੀ ਦੇ ਹੋਏ ਵੱਡੇ ਨੁਕਸਾਨ ਦੀ ਭਰਪਾਈ ਲਈ ਬਹੁਤ ਘੱਟ ਹੈ...**

ਸਰਕਾਰੀ ਮਹਿਕਮੇ ਕ੍ਰਿਸ਼ੀ ਵਿਗਿਆਨ ਕੇਂਦਰ ਪਿੰਡਾਂ ਵਿੱਚ ਛੋਟੇ-ਛੋਟੇ ਸਮੂਹ ਬਣਾ ਕੇ ਆਲੂਆਂ ਵਾਂਗ ਹੀ ਪਿਆਜ਼, ਲੱਸਣ ਅਤੇ ਦੂਜੀਆਂ ਸਬਜ਼ੀਆਂ ਦੇ ਰਕਬੇ ਹੇਠ ਵਾਧਾ ਕਰ ਸਕਦੇ ਹਨ। ਸਰਕਾਰ ਨੇ ਕੋਈ ਉਪਰਾਲਾ ਨਹੀਂ ਕੀਤਾ ਕਿ ਕਿਵੇਂ ਆਪਣੀ ਮੰਡੀ ਨੂੰ ਮੁੜ ਕਿਸਾਨ ਮੰਡੀ ਬਣਾਇਆ ਜਾ ਸਕੇ। ਪੰਜਾਬ ਦੁਧਾਰੂ ਪਸ਼ੂ-ਪਾਲਣ ਲਈ ਢੁੱਕਵਾਂ ਹੈ। ਸਿੰਚਾਈ ਸਹੂਲਤਾਂ ਕਾਰਨ ਸਾਰਾ ਸਾਲ ਹਰਾ ਚਾਰਾ ਮਿਲ ਸਕਦਾ ਹੈ। ਕਈ ਮਹਿਕਮੇ ਅਤੇ ਫੈਡਰੇਸ਼ਨਾਂ ਹੋਣ ਦੇ ਬਾਵਜੂਦ ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦੀ ਗਿਣਤੀ ਘਟੀ ਹੈ। ਜਿਹੜੇ ਪਰਿਵਾਰ ਖੇਤੀ ਛੱਡ ਰਹੇ ਹਨ, ਉਹ ਦੁਧਾਰੂ ਪਸ਼ੂ ਵੀ ਰੱਖਣੋਂ ਹਟ ਗਏ ਹਨ। ਖੇਤੀ ਵਿੱਚ ਤਬਦੀਲੀ ਲਈ ਘੱਟੋ-ਘੱਟ ਤਿੰਨ ਧਿਰਾਂ ਦੀ ਲੋੜ ਪੈਂਦੀ ਹੈ-ਨਵਾਂ ਗਿਆਨ, ਕਿਸਾਨ ਅਤੇ ਸਰਕਾਰ। ਮਿਸਾਲ ਵਜੋਂ ਪੰਜਾਬ ਖੇਤੀ ਯੂਨੀਵਰਸਿਟੀ ਨੇ ਐਲਾਨ ਕੀਤਾ ਕਿ ਕੰਡੀ ਦੇ ਇਲਾਕੇ ਵਿੱਚ ਅਦਰਕ ਦੀ ਕਾਸ਼ਤ ਸਫ਼ਲਤਾ ਪੂਰਵਕ ਹੋ ਸਕਦੀ ਹੈ। ਇਸ ਇਲਾਕੇ ਵਿੱਚ ਕਿਸਾਨਾਂ ਕੋਲ ਬਹੁਤ ਘੱਟ ਜ਼ਮੀਨ ਹੈ ਤੇ ਬਹੁਤੇ ਗਰੀਬ ਹਨ। ਅਦਰਕ ਦੀ ਖੇਤੀ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰ ਸਕਦੀ ਹੈ। ਖੇਤੀਬਾੜੀ ਯੂਨੀਵਰਸਿਟੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਕਿਸਾਨਾਂ ਨੂੰ ਲੋੜੀਂਦੀ ਸਿਖਲਾਈ ਦੇਵੇ ਅਤੇ ਆਪਣੇ ਖ਼ਰਚੇ ਹੇਠ ਇਸ ਦੀ ਕਾਸ਼ਤ ਕਰਵਾਏ।

ਸਰਕਾਰ ਨੂੰ ਚਾਹੀਦਾ ਹੈ ਕਿ ਸਸਤੇ ਮੁੱਲ ਉੱਤੇ ਬੀਜ ਦੇਵੇ ਅਤੇ ਇੱਕ ਮਿੱਥੀ ਕੀਮਤ ਉੱਤੇ ਉਪਜ ਦੀ ਖ਼ਰੀਦ ਮਾਰਕਫੈੱਡ, ਪੰਜਾਬ ਐਗਰੋ ਜਾਂ ਕਿਸੇ ਹੋਰ ਅਦਾਰੇ ਰਾਹੀਂ ਯਕੀਨੀ ਬਣਾਏ। ਇਸੇ ਤਰ੍ਹਾਂ ਹੋਰ ਨਵੀਆਂ ਖੋਜਾਂ ਬਾਰੇ ਹੋਣਾ ਚਾਹੀਦਾ ਹੈ। ਪੰਜਾਬ ਦੇ ਲਗਪਗ ਸਾਰੇ ਜ਼ਿਲ੍ਹਿਆਂ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਹਨ। ਕਿਸੇ ਵੀ ਨਵੀਂ ਖੋਜ ਨੂੰ ਪ੍ਰਚੱਲਿਤ ਕਰਨ ਲਈ ਇਨ੍ਹਾਂ ਕੇਂਦਰਾਂ ਵੱਲੋਂ ਕੁੱਝ ਚੋਣਵੇਂ ਕਿਸਾਨਾਂ ਨੂੰ ਸਿਖਲਾਈ ਦੇਣੀ ਚਾਹੀਦੀ ਹੈ।

ਸਰਕਾਰੀ ਸਹਾਇਤਾ ਨਾਲ ਕਿਸਾਨਾਂ ਦੇ ਹੀ ਗਰੁੱਪ ਬਣਾ ਕੇ ਸਾਂਝੇ ਤੌਰ 'ਤੇ ਵਿਕਰੀ ਕਰਨ ਵਿੱਚ ਸਹਾਇਤਾ ਕਰੇ। ਅਜਿਹੇ ਯਤਨਾਂ ਨਾਲ ਹੀ ਖੇਤੀ ਵਿੱਚ ਤਬਦੀਲੀ ਸੰਭਵ ਹੋ ਸਕਦੀ ਹੈ ਕਿਉਂਕਿ ਕੇਂਦਰ ਕਦੇ ਵੀ ਨਹੀਂ ਚਾਹਵੇਗੀ ਕਿ ਕਿਸਾਨ ਕਣਕ-ਝੋਨੇ ਦੀ ਕਾਸ਼ਤ ਬੰਦ ਕਰ ਦੇਣ ਕਿਉਂਕਿ 80 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਦੀ ਪੂਰਤੀ ਪੰਜਾਬ ਹੀ ਕਰਦਾ ਹੈ।

### ਮੁਆਫ਼ ਕੀਤੇ ਜਾਣ ਕਰਜ਼ੇ

ਕਿਸਾਨਾਂ ਦੀ ਮਦਦ ਲਈ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਪਹਿਲਕਦਮੀ ਦੀ ਜ਼ਰੂਰਤ ਹੈ। ਸੰਬੰਧਿਤ ਸਰਕਾਰੀ ਮਹਿਕਮਿਆਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਜਾਣ ਕਿ ਪਿੰਡਾਂ ਵਿੱਚ ਰਹਿੰਦੇ ਪੀੜ੍ਹਤ ਕਿਸਾਨ ਪਰਿਵਾਰਾਂ ਦੀਆਂ ਮੁਸ਼ਕਲਾਂ ਦੂਰ ਕੀਤੀਆਂ ਜਾਣ। ਘੱਟੋ-ਘੱਟ ਵਿਆਜ ਮੁਆਫ਼ ਕੀਤਾ ਜਾਵੇ। ਹੜ੍ਹ ਪੀੜਤ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣੇ ਚਾਹੀਦੇ ਹਨ।

### ਖੇਤੀ ਤੇ ਪਸ਼ੂ-ਪਾਲਣ ਬਾਰੇ ਖੋਜ ਕਾਰਜ

ਖੇਤੀ ਅਤੇ ਪਸ਼ੂ-ਪਾਲਣ ਸੰਬੰਧੀ ਖੋਜ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਗੁਰੂ ਅੰਗਦ ਦੇਵ ਵੈਟਰਨਰੀ ਯੂਨੀਵਰਸਿਟੀ ਦੀ ਹੈ। ਕੁੱਝ ਸਮੇਂ ਪਹਿਲਾਂ ਇੱਕ ਹੀ ਯੂਨੀਵਰਸਿਟੀ ਸੀ ਪਰ ਖੋਜ ਕਾਰਜਾਂ ਨੂੰ ਤੇਜ਼ ਕਰਨ ਲਈ ਦੋ ਵੱਖਰੇ ਅਦਾਰੇ ਬਣਾ ਦਿੱਤੇ ਗਏ। ਇਹ ਅਦਾਰੇ ਵਿਲੱਖਣ ਹਨ ਕਿਉਂਕਿ ਜਿੰਨੇ ਦੋਵਾਂ ਅਦਾਰਿਆਂ ਦੇ ਕਿਸਾਨਾਂ ਨਾਲ ਨੇੜਲੇ ਸੰਬੰਧ ਹਨ, ਹੋਰ ਕਿਸੇ ਅਦਾਰੇ ਦੇ ਨਹੀਂ ਹਨ। ਜਿੱਥੇ ਖੇਤੀ ਯੂਨੀਵਰਸਿਟੀ ਨੇ ਤਕਨੀਕੀ ਸਹਾਇਤਾ ਦੇ ਨਾਲ-ਨਾਲ ਕਿਸਾਨਾਂ ਨੂੰ ਕਣਕ ਦੀਆਂ ਉੱਤਮ ਕਿਸਮਾਂ ਦੇ ਬੀਜ ਨੂੰ ਮੁਫ਼ਤ ਵੰਡਿਆ ਉੱਥੇ ਵੈਟਰਨਰੀ ਯੂਨੀਵਰਸਿਟੀ ਨੇ ਡੰਗਰਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਆਪਣੀਆਂ ਟੀਮਾਂ ਭੇਜੀਆਂ। ਵੈਟਨਰੀ ਯੂਨੀਵਰਸਿਟੀ ਜਿੱਥੇ ਪਸ਼ੂਆਂ ਦੀਆਂ ਬਿਮਾਰੀਆਂ ਦਾ ਇਲਾਜ ਇੱਕ ਆਧੁਨਿਕ ਹਸਪਤਾਲ ਵਿੱਚ ਕਰਦੀ ਹੈ ਉੱਥੇ ਇਹ ਸੇਵਾ ਰਿਜ਼ਨਲ ਕੇਂਦਰਾਂ ਵਿੱਚ ਵੀ ਦਿੱਤੀ ਜਾ ਰਹੀ ਹੈ। ਮੱਝਾਂ ਦਾ ਵੀ ਇੱਕ ਵਧੀਆ ਵਗ ਹੈ ਜਿਨ੍ਹਾਂ ਤੋਂ ਕੱਟੀਆ ਤਿਆਰ ਕਰਕੇ ਲੋੜਵੰਦਾਂ ਨੂੰ ਦਿੱਤੀਆਂ ਜਾਂਦੀਆਂ ਹਨ ਪਰ ਮੱਝਾਂ ਦੇ ਪਾਲਣ ਨੂੰ ਹੋਰ ਜ਼ਿਆਦਾ ਪ੍ਰਚੱਲਿਤ ਕਰਨ ਲਈ ਇਸ ਪਾਸੇ ਹੋਰ ਵਧੇਰੇ ਯਤਨਾਂ ਦੀ ਲੋੜ ਹੈ। ਦੁੱਧ ਦਾ ਪਦਾਰਥੀਕਰਨ ਲਈ ਆਪਣਾ ਕਾਰਖਾਨਾ ਹੈ ਜਿੱਥੇ ਖੋਜ ਕਾਰਜ ਵੀ ਕੀਤੇ ਜਾਂਦੇ ਹਨ।

**ਝੋਨੇ ਦੀ ਨਵੀਂ ਮਸ਼ੀਨ ਖੇਤੀ ਯੂਨੀਵਰਸਿਟੀ ਵੱਲੋਂ ਅਜਿਹੀ ਮਸ਼ੀਨ ਤਿਆਰ ਕੀਤੀ ਗਈ ਹੈ ਜਿਹੜੀ ਚਾਲਕ ਤੋਂ ਬਗੈਰ ਹੀ ਪਨੀਰੀ ਲਗਾ ਦਿੰਦੀ ਹੈ। ਅਜਿਹਾ ਇੱਕ ਟਰੈਕਟਰ ਵਿੱਚ ਵੀ ਕੀਤਾ ਗਿਆ ਹੈ।**

### ਨਵੇਂ ਸਾਲ ਨਵੀਆਂ ਖੋਜਾਂ ਦੀ ਲੋੜ

ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਕਈ ਮੁੱਦਿਆਂ/ਮੰਗਾਂ ਨੂੰ ਲੈ ਕੇ ਪੰਜਾਬ ਦੇ ਕਿਸਾਨ ਦੁੱਖੀ ਹਨ। ਆਪਣੇ ਹੱਕਾਂ ਲਈ ਧਰਨੇ ਲਾਉਂਦੇ ਹਨ। ਸਰਕਾਰ ਨਾਲ ਕਈ ਮੀਟਿੰਗਾਂ ਵੀ ਹੋਈਆਂ ਪਰ ਕੋਈ ਸਮਝੌਤਾ ਨਹੀਂ ਹੋ ਸਕਿਆ। ਪੰਜਾਬ ਦੀ ਖੇਤੀ ਦੇ ਵਿਕਾਸ ਅਤੇ ਕਿਸਾਨ ਦੀ ਖ਼ੁਸ਼ਹਾਲੀ ਬਗੈਰ ਪੰਜਾਬ ਦਾ ਹੀ ਨਹੀਂ ਸਗੋਂ ਦੇਸ਼ ਦਾ ਵੀ ਸਮੁੱਚਾ ਵਿਕਾਸ ਨਹੀਂ ਹੋ ਸਕਦਾ ਕਿਉਂਕਿ ਭੋਜਨ ਮਨੁੱਖ ਦੀ ਪਹਿਲੀ ਲੋੜ ਹੈ।

ਸਾਲ 2026 ਵਿੱਚ ਖੇਤੀ ਮਾਹਿਰਾਂ ਵੱਲੋਂ ਅਜਿਹੀਆਂ ਖੋਜਾਂ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਨਾਲ ਪੰਜਾਬ ਦੀ ਖੇਤੀ ਵਿਕਸਤ ਵੀ ਹੋਵੇ ਅਤੇ ਵਾਤਾਵਰਨ ਪੱਖੀ ਵੀ ਹੋਵੇ। ਜੈਵਿਕ ਖੇਤੀ ਨੂੰ ਵੀ ਉਤਸ਼ਾਹਿਤ ਕਰਨ ਦੀ ਵੱਡੀ ਲੋੜ ਹੈ। ਇਸ ਦੇ ਨਾਲ-ਨਾਲ ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਉਹ ਸਮੇਂ ਦੇ ਹਾਣੀ ਬਣਦਿਆਂ ਨਵੀਆਂ ਖੇਤੀ ਤਕਨੀਕਾਂ ਨਾਲ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬ ਨੂੰ ਖੇਤੀ ਉਤਪਾਦਨ ਵਿੱਚ ਮੋਹਰੀ ਸੂਬਾ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਂਦੇ ਰਹਿਣ।

ਇਸ ਚੁਣੌਤੀ ਨੂੰ ਸਵੀਕਾਰ ਕਰਨ ਲਈ ਖੇਤੀਬਾੜੀ ਮਾਹਿਰਾਂ ਨਾਲ ਤਾਲਮੇਲ ਬਿਠਾਉਣਾ ਬਹੁਤ ਲਾਹੇਵੰਦ ਸਾਬਿਤ ਹੋ ਸਕਦਾ ਹੈ। ਇਸ ਮਕਸਦ ਲਈ ਸਾਡੇ ਖੇਤੀਬਾੜੀ ਦੇ ਮਾਹਿਰਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ ਅਤੇ ਕਿਸਾਨਾਂ ਨੂੰ ਹਰ ਪੱਖੋਂ ਸਹਿਯੋਗ ਦੇਣਾ ਚਾਹੀਦਾ ਹੈ।





# ਪਸ਼ੂ-ਸਿਹਤ ਦੀ ਨਵੀਂ ਦਿਸ਼ਾ

## ਪਸ਼ੂ-ਚਿਕਿਤਸਾ ਵਿੱਚ ਜਾਂਚ ਤਕਨੀਕਾਂ ਦੀ ਆਧੁਨਿਕ ਯਾਤਰਾ

ਡਾ. ਸਨਮੀਤ ਕੌਰ, M.V.Sc., Ph.D. (ਮਾਈਕਰੋਬਾਇਓਲੋਜੀ), ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਮੋ. 60060-47219)

ਸਾਡੇ ਦੇਸ਼ ਦੀ ਆਰਥਿਕਤਾ ਅਤੇ ਖੁਰਾਕ ਸੁਰੱਖਿਆ ਵਿੱਚ ਪਸ਼ੂ-ਪਾਲਣ ਖੇਤਰ ਦਾ ਬਹੁਤ ਵੱਡਾ ਯੋਗਦਾਨ ਹੈ। ਪਸ਼ੂਆਂ ਦੀ ਸਿਹਤ ਸਿਰਫ਼ ਦੁੱਧ ਜਾਂ ਮਾਸ ਦੀ ਉਤਪਾਦਕਤਾ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਹ ਮਨੁੱਖੀ ਸਿਹਤ ਨਾਲ ਵੀ ਸਿੱਧੇ ਤੌਰ 'ਤੇ ਜੁੜੀ ਹੋਈ ਹੈ। ਕਈ ਅਜਿਹੀਆਂ ਬਿਮਾਰੀਆਂ ਹਨ (ਜਿਨ੍ਹਾਂ ਨੂੰ ਜ਼ੂਨੋਟਿਕ ਰੋਗ ਕਿਹਾ ਜਾਂਦਾ ਹੈ) ਜੋ ਪਸ਼ੂਆਂ ਤੋਂ ਇਨਸਾਨਾਂ ਵਿੱਚ ਫੈਲ ਸਕਦੀਆਂ ਹਨ। ਇਸ ਲਈ, ਪਸ਼ੂਆਂ ਵਿੱਚ ਕਿਸੇ ਵੀ ਬਿਮਾਰੀ ਦੀ ਸਹੀ, ਭਰੋਸੇਯੋਗ ਅਤੇ ਸਮੇਂ ਸਿਰ ਪਛਾਣ ਕਰਨਾ ਅਤਿਅੰਤ ਮਹੱਤਵਪੂਰਨ ਹੈ। ਜੇਕਰ ਬਿਮਾਰੀ ਦੀ ਪਛਾਣ ਵਿੱਚ ਦੇਰੀ ਹੋ ਜਾਵੇ, ਤਾਂ ਇਹ ਨਾ ਸਿਰਫ਼ ਪਸ਼ੂ ਦੀ ਜਾਨ ਲਈ ਖ਼ਤਰਾ ਬਣਦੀ ਹੈ, ਸਗੋਂ ਬਿਮਾਰੀ ਦੇ ਫੈਲਾਅ ਅਤੇ ਇਲਾਜ ਦੇ ਫੇਲ੍ਹ ਹੋਣ ਕਾਰਨ ਵੱਡਾ ਆਰਥਿਕ ਨੁਕਸਾਨ ਵੀ ਹੁੰਦਾ ਹੈ।



ਰਵਾਇਤੀ ਤਰੀਕੇ ਅਤੇ ਉਨ੍ਹਾਂ ਦੀਆਂ ਸੀਮਾਵਾਂ ਪੁਰਾਣੇ ਸਮਿਆਂ ਤੋਂ ਹੀ ਪਸ਼ੂ-ਰੋਗਾਂ ਦਾ ਨਿਦਾਨ ਪਸ਼ੂ ਦੇ ਬਾਹਰੀ ਲੱਛਣਾਂ ਨੂੰ ਦੇਖ ਕੇ, ਸਰੀਰਕ ਜਾਂਚ ਜਾਂ ਪੋਸਟਮਾਰਟਮ ਰਾਹੀਂ ਕੀਤਾ ਜਾਂਦਾ ਰਿਹਾ ਹੈ। ਹਾਲਾਂਕਿ ਇਹ ਤਰੀਕੇ ਅੱਜ ਵੀ ਮਹੱਤਵਪੂਰਨ ਹਨ, ਪਰ ਇਨ੍ਹਾਂ ਦੀਆਂ ਕੁੱਝ ਸੀਮਾਵਾਂ ਹਨ। ਕਈ ਵਾਰ ਵੱਖ-ਵੱਖ ਬਿਮਾਰੀਆਂ ਦੇ ਲੱਛਣ ਇੰਨੇ ਮਿਲਦੇ-ਜੁਲਦੇ ਹੁੰਦੇ ਹਨ ਕਿ ਸਿਰਫ਼ ਦੇਖ ਕੇ ਸਹੀ ਨਤੀਜੇ 'ਤੇ ਪਹੁੰਚਣਾ ਮੁਸ਼ਕਿਲ ਹੋ ਜਾਂਦਾ ਹੈ। ਇਸੇ ਕਾਰਨ ਪਿਛਲੇ ਕੁੱਝ ਦਹਾਕਿਆਂ ਵਿੱਚ ਹੇਠ ਲਿਖੀਆਂ ਨਵੀਆਂ ਅਤੇ ਆਧੁਨਿਕ ਤਕਨੀਕਾਂ ਦੀ ਲੋੜ ਮਹਿਸੂਸ ਕੀਤੀ ਗਈ, ਜਿਨ੍ਹਾਂ ਨੇ ਪਸ਼ੂ-ਚਿਕਿਤਸਾ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਉਦਾਹਰਣ : ਕਈ ਵਾਰ ਵੱਖ-ਵੱਖ ਬਿਮਾਰੀਆਂ (ਜਿਵੇਂ ਕਿ ਗਲਘੋਟੂ ਅਤੇ ਨਿਮੋਨੀਆ) ਦੇ ਲੱਛਣ ਇੰਨੇ ਮਿਲਦੇ-ਜੁਲਦੇ ਹੁੰਦੇ ਹਨ ਕਿ ਸਿਰਫ਼ ਦੇਖ ਕੇ ਸਹੀ ਨਤੀਜੇ 'ਤੇ ਪਹੁੰਚਣਾ ਮੁਸ਼ਕਲ ਹੋ ਜਾਂਦਾ ਹੈ। ਇਸੇ ਕਾਰਨ ਪਿਛਲੇ ਕੁੱਝ ਦਹਾਕਿਆਂ ਵਿੱਚ ਨਵੀਆਂ ਤਕਨੀਕਾਂ ਦੀ ਲੋੜ ਮਹਿਸੂਸ ਕੀਤੀ ਗਈ।

### ਆਧੁਨਿਕ ਜਾਂਚ ਤਕਨੀਕਾਂ : ਇੱਕ ਨਵਾਂ ਯੁੱਗ

**1. ਸੈਰੋਲੋਜੀਕਲ ਜਾਂਚ (ਖ਼ੂਨ ਦੀ ਜਾਂਚ)** : ਇਹ ਤਕਨੀਕਾਂ ਪਸ਼ੂ ਦੇ ਸਰੀਰ ਵਿੱਚ ਬਿਮਾਰੀ ਦੇ ਖ਼ਿਲਾਫ਼ ਬਣੀਆਂ ਐਂਟੀਬਾਡੀਆਂ ਜਾਂ ਖ਼ੁਦ ਰੋਗਕਾਰਕ (ਐਂਟੀਜਨ) ਦੀ ਪਛਾਣ ਕਰਦੀਆਂ ਹਨ।

★ **ਐਲਾਈਜ਼ਾ (ELISA)** : ਇਹ ਇੱਕ ਬਹੁਤ ਹੀ ਮਸ਼ਹੂਰ ਤਕਨੀਕ ਹੈ ਜੋ ਵਾਇਰਲ ਬਿਮਾਰੀਆਂ ਦੀ ਪਛਾਣ ਲਈ ਵਰਤੀ ਜਾਂਦੀ ਹੈ।

★ **ਉਦਾਹਰਣ** : ਇਸ ਦੀ ਵਰਤੋਂ ਪਸ਼ੂਆਂ ਵਿੱਚ ਬਰੂਸੇਲੋਸਿਸ (Brucellosis) ਜਾਂ ਆਈ. ਬੀ. ਆਰ. (IBR) ਵਰਗੀਆਂ ਬਿਮਾਰੀਆਂ ਦੀ ਵੱਡੇ ਪੱਧਰ 'ਤੇ ਸਕ੍ਰੀਨਿੰਗ ਲਈ ਕੀਤੀ ਜਾਂਦੀ ਹੈ।

**2. ਸੂਖਮ ਜੈਨੇਟਿਕ ਜਾਂਚ (DNA/RNA ਟੈਸਟ)** : ਵਿਗਿਆਨ ਦੀ ਇਸ ਤਰੱਕੀ ਨੇ ਪਸ਼ੂ-ਚਿਕਿਤਸਾ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ।

★ **PCR ਅਤੇ Real-Time PCR** : ਇਹ ਤਕਨੀਕਾਂ ਬਿਮਾਰੀ ਫੈਲਾਉਣ ਵਾਲੇ ਜੀਵਾਣੂਆਂ ਦੇ ਜੈਨੇਟਿਕ ਮਾਦੇ (DNA) ਦੀ ਬਹੁਤ ਹੀ ਮਾਮੂਲੀ ਮਾਤਰਾ ਵਿੱਚ ਵੀ ਪਛਾਣ ਕਰ ਲੈਂਦੀਆਂ ਹਨ।

★ **ਉਦਾਹਰਣ** : ਮੂੰਹ-ਖੁਰ (FMD) ਜਾਂ ਲੰਪੀ ਸਕਿਨ ਬਿਮਾਰੀ ਦੇ ਸ਼ੁਰੂਆਤੀ ਪੜਾਅ ਵਿੱਚ, ਜਦੋਂ ਪਸ਼ੂ ਦੇ ਸਰੀਰ 'ਤੇ ਅਜੇ ਪੂਰੇ ਲੱਛਣ ਨਹੀਂ ਆਏ ਹੁੰਦੇ, PCR ਰਾਹੀਂ ਵਾਇਰਸ ਦੀ ਪਛਾਣ ਕੀਤੀ ਜਾ ਸਕਦੀ ਹੈ।

**3. ਤਤਕਾਲ ਜਾਂ ਪੌਇੰਟ-ਆਫ-ਕੇਅਰ ਜਾਂਚ** : ਜਦੋਂ ਪਸ਼ੂ ਨੂੰ ਹਸਪਤਾਲ ਲਿਜਾਣਾ ਮੁਸ਼ਕਲ ਹੋਵੇ, ਤਾਂ ਇਹ ਤਕਨੀਕਾਂ ਵਰਦਾਨ ਸਾਬਤ ਹੁੰਦੀਆਂ ਹਨ।

★ **ਰੈਪਿਡ ਕਿੱਟਾਂ** : ਇਹ ਬਿਲਕੁਲ ਇਨਸਾਨਾਂ ਦੀਆਂ ਪ੍ਰੈਗਨੈਂਸੀ ਕਿੱਟਾਂ ਵਾਂਗ ਕੰਮ ਕਰਦੀਆਂ ਹਨ।

★ **ਉਦਾਹਰਣ** : ਡੇਅਰੀ ਫਾਰਮ 'ਤੇ ਹੀ ਥਣ ਰੋਗ (Mastitis) ਦੀ ਜਾਂਚ ਲਈ ਵਿਸ਼ੇਸ਼ ਸਟ੍ਰਿਪਸ ਦੀ ਵਰਤੋਂ ਕਰਨਾ। ਪਸ਼ੂ-ਚਿਕਿਤਸਕ ਹੁਣ ਪਸ਼ੂ-ਪਾਲਕ ਦੇ ਘਰ ਹੀ ਮੌਕੇ 'ਤੇ ਨਤੀਜਾ ਦੇ ਸਕਦੇ ਹਨ।

**4. ਡਾਇਗਨੋਸਟਿਕ ਇਮੇਜਿੰਗ ਅਤੇ ਡਿਜ਼ੀਟਲ ਤਕਨੀਕਾਂ** : ਸਰੀਰ ਦੇ ਅੰਦਰੂਨੀ ਅੰਗਾਂ ਦੀ ਸਥਿਤੀ ਦੇਖਣ ਲਈ ਉੱਨਤ ਮਸ਼ੀਨਾਂ ਦੀ ਵਰਤੋਂ ਕੀਤੀ ਜਾਂਦੀ ਹੈ।

★ **ਐਕਸ-ਰੇ ਅਤੇ ਅਲਟਰਾਸਾਊਂਡ** : ਹੱਡੀਆਂ ਦੀ ਟੁੱਟ-ਭੱਜ ਅਤੇ ਗਰਭ ਦੀ ਜਾਂਚ ਲਈ।

★ **ਉਦਾਹਰਣ** : ਗਾਵਾਂ-ਮੱਝਾਂ ਵਿੱਚ ਗਰਭ ਦੀ ਜਾਂਚ ਲਈ



ਅਲਟਰਾਸਾਊਂਡ ਦੀ ਵਰਤੋਂ ਕਰਨਾ ਜਾਂ ਪੇਟ ਵਿੱਚ ਫਸੀ ਕਿਸੇ ਲੋਹੇ ਦੀ ਚੀਜ਼ ਨੂੰ ਦੇਖਣ ਲਈ ਡਿਜ਼ੀਟਲ ਐਕਸ-ਰੇ ਦੀ ਵਰਤੋਂ ਕਰਨਾ।

ਅੱਜ ਦੇ ਦੌਰ ਵਿੱਚ ਆਰਟੀਫ਼ਿਸ਼ੀਅਲ ਇੰਟੈਲੀਜੈਂਸ (AI) ਅਤੇ ਡਿਜ਼ੀਟਲ ਪੈਥੋਲੋਜੀ ਵੀ ਪਸ਼ੂ-ਚਿਕਿਤਸਾ ਵਿੱਚ ਸ਼ਾਮਲ ਹੋ ਚੁੱਕੇ ਹਨ। ਕੰਪਿਊਟਰ ਡਾਟਾ ਦਾ ਵਿਸ਼ਲੇਸ਼ਣ ਕਰਕੇ ਇਹ ਅੰਦਾਜ਼ਾ ਲਗਾ ਸਕਦੇ ਹਨ ਕਿ ਭਵਿੱਖ ਵਿੱਚ ਕਿਹੜੀਆਂ ਬਿਮਾਰੀਆਂ ਦੇ ਫੈਲਣ ਦਾ ਖ਼ਤਰਾ ਹੈ।

### ਵਨ ਹੈਲਥ (One Health) ਅਤੇ ਸਾਡੀ ਜ਼ਿੰਮੇਵਾਰੀ

ਆਧੁਨਿਕ ਤਕਨੀਕਾਂ "ਵਨ ਹੈਲਥ" ਦੇ ਸਿਧਾਂਤ ਨੂੰ ਮਜ਼ਬੂਤ ਕਰਦੀਆਂ ਹਨ। ਇਸਦਾ ਮਤਲਬ ਹੈ ਕਿ ਪਸ਼ੂਆਂ, ਮਨੁੱਖਾਂ ਅਤੇ ਵਾਤਾਵਰਣ ਦੀ ਸਿਹਤ ਇੱਕ ਦੂਜੇ 'ਤੇ ਨਿਰਭਰ ਹੈ। ਜੇਕਰ ਅਸੀਂ ਪਸ਼ੂਆਂ ਦੀਆਂ ਬਿਮਾਰੀਆਂ ਨੂੰ ਸਮੇਂ ਸਿਰ ਕਾਬੂ ਕਰ ਲੈਂਦੇ ਹਾਂ, ਤਾਂ ਅਸੀਂ ਅਸਿੱਧੇ ਤੌਰ 'ਤੇ ਮਨੁੱਖੀ ਜਾਤੀ ਦੀ ਵੀ ਰੱਖਿਆ ਕਰ ਰਹੇ ਹੁੰਦੇ ਹਾਂ।

★ **ਉਦਾਹਰਣ** : ਪਸ਼ੂਆਂ ਵਿੱਚ ਟੀ. ਬੀ. (Tuberculosis) ਦੀ ਸਮੇਂ ਸਿਰ ਜਾਂਚ ਕਰਕੇ ਅਸੀਂ ਉਸਨੂੰ ਦੁੱਧ ਰਾਹੀਂ ਇਨਸਾਨਾਂ ਵਿੱਚ ਫੈਲਣ ਤੋਂ ਰੋਕ ਸਕਦੇ ਹਾਂ।

ਅੰਤ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ ਪਸ਼ੂ-ਚਿਕਿਤਸਾ ਵਿੱਚ ਨਿਦਾਨਕ ਤਕਨੀਕਾਂ ਨੇ ਬਿਮਾਰੀਆਂ ਦੇ ਇਲਾਜ ਅਤੇ ਨਿਯੰਤਰਣ ਬੁਨਿਆਦੀ ਤੌਰ 'ਤੇ ਬਦਲ ਦਿੱਤਾ ਹੈ।

ਜਿਵੇਂ-ਜਿਵੇਂ ਇਹ ਤਕਨੀਕਾਂ ਹੋਰ ਸਸਤੀਆਂ ਅਤੇ ਉੱਨਤ ਹੋਣਗੀਆਂ, ਪਸ਼ੂ-ਚਿਕਿਤਸਾ ਸੇਵਾਵਾਂ ਹੋਰ ਤੇਜ਼ ਅਤੇ ਪ੍ਰਭਾਵਸ਼ਾਲੀ ਬਣਨਗੀਆਂ। ਇਹ ਨਾ ਸਿਰਫ਼ ਪਸ਼ੂ ਪਾਲਕਾਂ ਦੀ ਆਮਦਨ ਵਧਾਉਣ ਵਿੱਚ ਮਦਦਗਾਰ ਹੋਣਗੀਆਂ, ਸਗੋਂ ਸਮਾਜ ਦੀ ਕੁੱਲ ਸਿਹਤ ਅਤੇ ਵਿਕਾਸ ਵਿੱਚ ਵੀ ਅਹਿਮ ਯੋਗਦਾਨ ਪਾਉਣਗੀਆਂ।

# ਸਿਹਤ ਲਈ ਲਾਭਕਾਰੀ ਤੁਲਸੀ



ਭਾਰਤ ਵਿੱਚ ਤੁਲਸੀ ਦਾ ਪ੍ਰਯੋਗ ਪ੍ਰਾਚੀਨ ਸਮੇਂ ਤੋਂ ਹੁੰਦਾ ਆ ਰਿਹਾ ਹੈ। ਧਾਰਮਿਕ ਦ੍ਰਿਸ਼ਟੀ ਤੋਂ ਇਹ ਪੌਦਾ ਭਾਰਤੀ ਜਨ ਮਾਨਸ ਵਿੱਚ ਹਮੇਸ਼ਾਂ ਮਕਬੂਲ ਰਿਹਾ ਹੈ। ਇਸ ਪੌਦੇ ਦਾ ਵਿਗਿਆਨਕ ਨਾਮ Ocimum sanctum ਹੈ। ਦੇਸ਼ ਵਿੱਚ ਇਹ ਤੁਲਸੀਆਂ ਪਾਈਆਂ ਜਾਂਦੀਆਂ ਹਨ - ਰਾਮ ਤੁਲਸੀ, ਕ੍ਰਿਸ਼ਨਾ ਤੁਲਸੀ, ਵਣ ਤੁਲਸੀ, ਕਪੂਰ ਤੁਲਸੀ, ਮਸਾਲਾ ਤੁਲਸੀ, ਨਿੰਬੂ ਤੁਲਸੀ, ਮਰੂਆ ਤੁਲਸੀ। ਰੋਗ ਪ੍ਰਤੀਰੋਧਕ ਸ਼ਕਤੀ ਵਿੱਚ ਵਾਧਾ, ਸਾਹ ਸੰਬੰਧੀ ਬਿਮਾਰੀਆਂ ਤੋਂ ਨਿਜਾਤ, ਮਾਨਸਿਕ ਦਬਾਅ ਤੋਂ ਛੁਟਕਾਰਾ, ਹਾਜ਼ਮੇ ਦੀ ਦਰੁੱਸਤੀ, ਐਂਟੀ ਬੈਕਟੀਰੀਅਲ ਤੇ ਕੈਂਸਰ ਰੋਧੀ ਗੁਣ ਆਦਿ ਸਿਹਤ ਵਰਧਕ ਖੇਤਰ ਵਿੱਚ ਮਿਲਣ ਵਾਲੇ ਮੁੱਖ ਲਾਭਾਂ ਵਿੱਚ ਸ਼ਾਮਿਲ ਹਨ।

### ਸਿਹਤ ਲਈ ਬਹੁਤ ਜ਼ਿਆਦਾ ਲਾਹੇਵੰਦ

ਸੀਮਤ ਮਾਤਰਾ ਵਿੱਚ ਤੁਲਸੀ ਦਾ ਪ੍ਰਯੋਗ ਅੱਛਾ ਮੰਨਿਆ ਹੈ। ਬਹੁਤਾਤ ਵਿੱਚ ਕੀਤਾ ਪ੍ਰਯੋਗ ਲਾਭ ਦੀ ਜਗ੍ਹਾਂ ਹਾਨੀਆਂ ਵੀ ਪ੍ਰਦਾਨ ਕਰ ਸਕਦਾ ਹੈ। ਆਮ ਤੌਰ 'ਤੇ ਤੁਲਸੀ ਦਾ ਪ੍ਰਯੋਗ ਜਾਂ ਫਿਰ ਅਨੇਕਾਂ ਹੋਰ ਹਰਬਲ ਜੜ੍ਹੀ ਬੂਟੀਆਂ ਦਾ ਪ੍ਰਯੋਗ ਆਯੁਰਵੈਦਿਕ ਡਾਕਟਰਾਂ ਦੇ ਮਾਰਗ ਦਰਸ਼ਨ ਵਿੱਚ ਕਰਨਾ ਜ਼ਿਆਦਾ ਠੀਕ ਰਹਿੰਦਾ ਹੈ। ਤੁਲਸੀ ਨੂੰ ਧਾਰਮਿਕ ਅਤੇ ਸੱਭਿਆਚਾਰਕ ਦ੍ਰਿਸ਼ਟੀ ਤੋਂ ਹੀ ਮਾਨਤਾ ਮਿਲੀ ਹੈ। ਆਮਦਨ ਦੇ ਵਾਧੇ ਹਿੱਤ ਕਿਸਾਨ ਵੀ ਇਸ ਦੀ ਖੇਤੀ ਵੱਲ ਰੁਚਿਤ ਹੋ ਰਹੇ ਹਨ।

### ਕਿਵੇਂ ਤਿਆਰ ਕਰੀਏ ਪਨੀਰੀ

ਵੱਡੇ ਪੱਧਰ 'ਤੇ ਤੁਲਸੀ ਦੀ ਪਨੀਰੀ ਦੀ ਪੈਦਾਵਾਰ ਰਾਹੀਂ ਵੀ ਅਸੀਂ ਆਮਦਨ ਵਿੱਚ ਵਾਧਾ ਕਰ ਸਕਦੇ ਹਾਂ। ਤੁਲਸੀ ਨੂੰ ਬੀਜਾਂ ਅਤੇ ਕਲਮ ਰਾਹੀਂ ਤਿਆਰ ਕਰ ਸਕਦੇ ਹਾਂ। ਫਰਵਰੀ ਦੇ ਅੰਤ, ਮਾਰਚ, ਜੁਲਾਈ, ਅਗਸਤ-ਸਤੰਬਰ ਵਿੱਚ ਅਸੀਂ ਤੁਲਸੀ ਰੋਪਣ ਨੂੰ ਬਗੀਚਿਆਂ ਅਤੇ ਖੇਤਾਂ ਵਿੱਚ ਕਰ ਸਕਦੇ ਹਾਂ। ਜਲੌਢੀ ਮਿੱਟੀ ਦੇ ਨਾਲ-ਨਾਲ ਘੱਟ ਉਪਜਾਊ ਮਿੱਟੀ ਵਿੱਚ ਵੀ ਇਸ ਦੀ ਖੇਤੀ ਸੰਭਵ ਹੈ। ਪੰਜਾਬ ਦੇ ਕੰਢੀ ਤੇ ਮੈਦਾਨੀ ਖੇਤਰਾਂ ਵਿੱਚ ਕੁਝ ਕਿਸਾਨਾਂ ਨੇ 2019-2021 ਤੱਕ ਪੰਜਾਬ ਵਣ ਵਿਭਾਗ ਦੀ ਸਹਾਇਤਾ ਨਾਲ ਤੁਲਸੀ ਦੀ ਸੀਮਤ ਮਾਤਰਾ ਵਿੱਚ ਖੇਤੀ ਕਰਨ ਦਾ ਉਪਰਾਲਾ ਕੀਤਾ ਪਰ ਯੋਗ ਮਾਤਰਾ ਵਿੱਚ ਮੰਡੀਕਰਨ ਦੀ ਸਮੱਸਿਆ ਨੇ ਆਸਾਂ 'ਤੇ ਬੂਰ ਨਹੀਂ ਪੈਣ ਦਿੱਤਾ। ਨਿੱਜੀ ਅਤੇ ਸਰਕਾਰੀ ਖੇਤਰ ਵਿੱਚ ਆਯੁਰਵੈਦਿਕ ਜੜ੍ਹੀ ਬੂਟੀਆਂ 'ਤੇ ਆਧਾਰਿਤ ਉਦਯੋਗ ਸਥਾਪਿਤ ਕਰਨਾ ਸਮੇਂ ਦੀ ਲੋੜ ਹੈ। ਕਣਕ ਅਤੇ ਝੋਨੇ ਦੇ ਦੋਹਰੇ ਫ਼ਸਲ ਚੱਕਰ ਵਿੱਚੋਂ ਬਚਣ ਅਤੇ ਵਾਤਾਵਰਣ ਦੀ ਸੰਭਾਲ ਹਿੱਤ ਅੱਜ ਆਯੁਰਵੈਦਿਕ ਨਾਲ ਸੰਬੰਧਿਤ ਜੜ੍ਹੀ ਬੂਟੀਆਂ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਹੈ। ਕਿਚਨ ਗਾਰਡਨ ਜਾਂ ਹੋਮ ਹਰਬਲ ਗਾਰਡਨ ਵਿੱਚ ਗਮਲਿਆਂ ਦੇ ਮਾਧਿਅਮ ਰਾਹੀਂ ਜਾਂ ਫਿਰ ਪ੍ਰਾਪਤ ਜਗ੍ਹਾ ਮੁਤਾਬਿਕ ਸਾਨੂੰ ਤੁਲਸੀ ਰੋਪਣ ਵੱਲ ਧਿਆਨ ਦੇਣ ਦੀ ਲੋੜ ਹੈ ਤਾਂਕਿ ਅਸੀਂ ਸਿਹਤ ਵਰਧਕ ਪ੍ਰਣਾਲੀ ਵਿੱਚ ਲੋੜ ਅਤੇ ਡਾਕਟਰਾਂ ਦੇ ਮਾਰਗ-ਦਰਸ਼ਨ ਵਿੱਚ ਇਸ ਦਾ ਪ੍ਰਯੋਗ ਕਰ ਸਕੀਏ।

- ਓਮ ਪ੍ਰਕਾਸ਼ ਮਨੌਲੀ, ਮੋ. 76962-77109

# ਇਨ-ਸਿਟੂ ਪਰਾਲੀ ਪ੍ਰਬੰਧਨ ਰਾਹੀਂ ਵਾਤਾਵਰਣ ਅਤੇ ਮਿੱਟੀ ਦੀ ਸੰਭਾਲ ਕਰਨ ਲਈ ਯਤਨਸ਼ੀਲ - ਸ. ਗੁਰਮੱਤ ਸਿੰਘ

ਸ. ਗੁਰਮੱਤ ਸਿੰਘ ਪਿੰਡ ਬਲਿਆਲ, ਬਲਾਕ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ ਦਾ ਇੱਕ ਅਗਾਂਹਵਧੂ ਅਤੇ ਸੂਝਵਾਨ ਕਿਸਾਨ ਹੈ । ਉਸ ਨੇ 15 ਏਕੜ ਜ਼ਮੀਨ 'ਤੇ ਕਣਕ-ਝੋਨੇ ਦਾ ਫ਼ਸਲੀ-ਚੱਕਰ ਅਪਣਾਇਆ ਹੋਇਆ ਹੈ । ਇਸ ਤੋਂ ਇਲਾਵਾ ਉਹ ਕੁਝ ਰਕਬੇ ਵਿੱਚ ਸਰ੍ਹੋਂ ਦੀ ਫ਼ਸਲ ਵੀ ਬੀਜਦਾ ਹੈ । ਪਹਿਲਾਂ ਉਹ ਵੀ ਹੋਰ ਕਿਸਾਨਾਂ ਵਾਂਗ ਕਣਕ ਦੀ ਬਿਜਾਈ ਤੋਂ ਪਹਿਲਾਂ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਕੇ ਕਣਕ ਦੀ ਬਿਜਾਈ ਕਰਦਾ ਸੀ। ਪਰਾਲੀ ਸਾੜਨ ਨਾਲ ਵਾਤਾਵਰਣ, ਮਿੱਟੀ ਦੀ ਸਿਹਤ ਅਤੇ ਮਨੁੱਖੀ ਸਿਹਤ 'ਤੇ ਪੈਣ ਵਾਲੇ ਦੁਰਪ੍ਰਭਾਵਾਂ ਨੂੰ ਸਮਝਦਿਆਂ, ਸ. ਗੁਰਮੱਤ ਸਿੰਘ ਨੇ ਪਰਾਲੀ ਨੂੰ ਅੱਗ ਨਾ ਲਗਾਉਣ ਦਾ ਫੈਸਲਾ ਕੀਤਾ । ਸਾਲ 2024 ਵਿੱਚ ਉਸ ਨੇ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕੀਤੀ । ਇਸ ਤਰੀਕੇ ਨਾਲ ਝੋਨੇ ਦੀ ਸਾਰੀ ਪਰਾਲੀ ਨੂੰ ਹੀ ਖੇਤ ਵਿੱਚ ਮਿਲਾਉਂਦੇ ਹੋਏ ਕਣਕ ਦੀ ਬਿਜਾਈ ਕੀਤੀ ਗਈ। ਸ਼ੁਰੂਆਤੀ ਸ਼ੰਕਿਆਂ ਦੇ ਬਾਵਜੂਦ ਨਤੀਜੇ ਕਾਫ਼ੀ ਹੌਂਸਲਾ ਅਫ਼ਜ਼ਾਈ ਵਾਲੇ ਰਹੇ । ਉਸ ਨੂੰ ਕਣਕ ਦੀ ਔਸਤ ਪੈਦਾਵਾਰ 24 ਕੁਇੰਟਲ ਪ੍ਰਤੀ ਏਕੜ ਪ੍ਰਾਪਤ ਹੋਈ, ਜੋ ਕਿ ਰਵਾਇਤੀ ਤਰੀਕੇ ਨਾਲ ਬਿਜਾਈ ਕਰਨ ਵਾਲੇ ਕਿਸਾਨਾਂ ਦੇ ਬਰਾਬਰ ਸੀ । ਇਸ ਤੋਂ ਇਲਾਵਾ, ਉਸ ਨੇ ਖਾਦ ਦੀ ਖਪਤ ਵਿੱਚ ਵੀ ਕਮੀ ਮਹਿਸੂਸ ਕੀਤੀ। ਪਰਾਲੀ ਦੀ ਮਿੱਟੀ ਵਿੱਚ ਮਿਲਣ ਵਾਲੀ ਮਿੱਟੀ ਵਿੱਚ ਪੌਸ਼ਟਿਕ ਤੱਤਾਂ ਦੀ ਉਪਲਭਤਾ ਵਧੀ ਅਤੇ ਉਸ ਨੇ ਗੁਆਂਢੀ ਕਿਸਾਨਾਂ ਦੀ ਤੁਲਨਾ ਵਿੱਚ 1.5 ਬੋਰੀ ਯੂਰੀਆ ਪ੍ਰਤੀ ਏਕੜ ਦੀ ਬੱਚਤ ਕੀਤੀ । ਉਸ ਨੇ ਦੱਸਿਆ ਕਿ ਪਰਾਲੀ ਪ੍ਰਬੰਧਨ ਦੇ ਹੋਰ ਵੀ ਕਈ ਲਾਭ ਸਾਹਮਣੇ ਆਏ । ਮਿੱਟੀ ਵਿੱਚ ਨਮੀ ਸੰਭਾਲਣ ਦੀ ਸਮਰੱਥਾ ਬਿਹਤਰ ਹੋਈ ਅਤੇ ਮਿੱਟੀ ਦੇ ਤਾਪਮਾਨ ਵਿੱਚ ਉਤਾਰ-ਚੜ੍ਹਾਅ ਘੱਟ ਹੋਇਆ। ਉਹ ਅੱਗੇ ਦੱਸਦਾ ਹੈ ਕਿ ਲੰਮੇਂ ਸਮੇਂ ਵਿੱਚ ਇਹ ਤਕਨੀਕ ਮਿੱਟੀ ਦੀ ਬਣਤਰ ਸੁਧਾਰਦੀ ਹੈ ਅਤੇ ਸੂਖਮ ਜੀਵਾਂ ਦੀ ਗਿਣਤੀ ਵਧਾਉਂਦੀ ਹੈ। ਜਿਸ ਨਾਲ ਕਣਕ-ਝੋਨੇ ਦੀ ਖੇਤੀ ਲੰਮੇਂ ਸਮੇਂ ਲਈ ਟਿਕਾਊ ਬਣਦੀ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਨਾਲ ਪਰਾਲੀ ਸਾੜਨ ਕਾਰਨ ਹੋਣ ਵਾਲਾ ਹਵਾ ਪ੍ਰਦੂਸ਼ਣ ਪੂਰੀ ਤਰ੍ਹਾਂ ਰੁਕ ਗਿਆ ।

ਹਾਲਾਂਕਿ 2024 ਵਿੱਚ ਉਸ ਨੂੰ ਕੁੱਝ ਥਾਵਾਂ 'ਤੇ ਬੀਜ ਦੇ ਉੱਗਣ ਦੀ ਸਮੱਸਿਆ ਆਈ ਸੀ । ਕਿਉਂਕਿ ਖੇਤ ਦੇ ਕੁੱਝ ਹਿੱਸਿਆਂ ਵਿੱਚ ਮਸ਼ੀਨ ਪੂਰੀ ਤਰ੍ਹਾਂ ਪਰਾਲੀ ਨੂੰ ਮਿੱਟੀ ਵਿੱਚ ਨਹੀਂ ਮਿਲਾ ਸਕੀ, ਜਿਸ ਨਾਲ ਬੀਜ ਪਰਾਲੀ ਵਿੱਚ ਹੀ ਪਿਆ ਰਿਹਾ ਅਤੇ ਉੱਗ ਨਹੀਂ ਸਕਿਆ । ਇਸ ਤਜ਼ਰਬੇ ਤੋਂ ਸਿੱਖਦਿਆਂ, ਸ. ਗੁਰਮੱਤ ਸਿੰਘ ਨੇ 2025 ਵਿੱਚ ਆਪਣੀ ਤਕਨੀਕ ਵਿੱਚ ਸੁਧਾਰ ਕੀਤਾ । ਸਾਲ 2025 ਦੌਰਾਨ ਉਹ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਦੇ ਪਸਾਰ ਮਾਹਿਰਾਂ ਦੇ ਸੰਪਰਕ ਵਿੱਚ ਆਇਆ ਅਤੇ ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਪੰਜ ਦਿਨਾਂ ਦਾ ਸਿਖਲਾਈ ਕੋਰਸ ਕੀਤਾ । ਉਸ ਨੇ ਮਾਹਿਰਾਂ ਨਾਲ ਸਲਾਹ ਕਰਦਿਆਂ ਪਹਿਲਾਂ ਬਿਨ੍ਹਾਂ ਬੀਜ ਅਤੇ ਖਾਦ ਪਾਏ ਦੋ ਵਾਰੀ ਸੁਪਰ ਸੀਡਰ ਨੂੰ ਖੇਤ ਵਿੱਚ ਚਲਾਇਆ, ਤਾਂ ਜੋ ਪਰਾਲੀ ਚੰਗੀ ਤਰ੍ਹਾਂ ਕੱਟ ਕੇ ਮਿੱਟੀ ਵਿੱਚ ਮਿਲ ਸਕੇ । ਇਸ ਤੋਂ ਬਾਅਦ ਕਣਕ ਦੀ ਬਿਜਾਈ ਆਮ ਬੀਜ-ਕਮ-ਖਾਦ ਡਰਿੱਲ ਨਾਲ ਕੀਤੀ ਗਈ। ਇਸ ਤਰੀਕੇ ਨਾਲ ਬੀਜ ਘੱਟ ਉੱਗਣ ਦੀ ਸਮੱਸਿਆ ਪੂਰੀ ਤਰ੍ਹਾਂ ਦੂਰ ਹੋ ਗਈ । ਉਸ ਨੇ 40 ਕਿਲੋ ਬੀਜ ਪ੍ਰਤੀ ਏਕੜ ਵਰਤਿਆ ਅਤੇ ਵਧੀਆ ਜੰਮ ਪ੍ਰਾਪਤ ਕੀਤਾ ।

ਅੱਜ ਸ. ਗੁਰਮੱਤ ਸਿੰਘ ਆਪਣੇ ਪਿੰਡ ਅਤੇ ਨੇੜਲੇ ਇਲਾਕੇ ਦੇ ਕਿਸਾਨਾਂ ਲਈ ਉਮੀਦ ਦੀ ਕਿਰਨ ਬਣ ਚੁੱਕਾ ਹੈ । ਉਸ ਦੀ ਸਫ਼ਲਤਾ ਇਹ ਸਾਬਤ ਕਰਦੀ ਹੈ ਕਿ ਝੋਨੇ ਦੀ ਪਰਾਲੀ ਨੂੰ ਬਿਨ੍ਹਾਂ ਸਾੜੇ ਵੀ ਸਫ਼ਲਤਾਪੂਰਵਕ ਖੇਤ ਵਿੱਚ ਸੰਭਾਲਿਆ ਜਾ ਸਕਦਾ ਹੈ, ਜਿਸ ਨਾਲ ਪੈਦਾਵਾਰ ਬਰਕਰਾਰ ਰਹਿੰਦੀ ਹੈ, ਖੇਤੀ ਖਰਚੇ ਘੱਟ ਹੁੰਦੇ ਹਨ ਅਤੇ ਮਿੱਟੀ 'ਤੇ ਵਾਤਾਵਰਣ ਦੀ ਸਿਹਤ ਸੁਧਰਦੀ ਹੈ । ਉਸ ਦੀ ਇਹ ਪਹਿਲ ਪੰਜਾਬ ਵਿੱਚ ਟਿਕਾਊ ਅਤੇ ਵਾਤਾਵਰਣ ਪੱਖੀ ਖੇਤੀ ਵੱਲ ਇੱਕ ਸ਼ਲਾਘਾਯੋਗ ਕਦਮ ਹੈ ।

**ਸੁਨੀਲ ਕੁਮਾਰ ਅਤੇ ਮਨਦੀਪ ਸਿੰਘ,**
**ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ (ਖੇੜੀ)**
ਮੋ. 88721-75800

## ਚੁੱਲ੍ਹੇ ਬਲਦੇ ਰੱਖਣ ਲਈ ਠੰਢ ਨਾਲ ਟੱਕਰਾਂ

# ਧੁੰਦ ਤੇ ਕੜਾਕੇ ਦੀ ਠੰਢ ਦੇ ਬਾਵਜੂਦ ਰੋਜ਼ੀ-ਰੋਟੀ ਲਈ ਸਵੇਰੇ 7 ਵਜੇ ਖੇਤਾਂ ਵਿੱਚ ਪਹੁੰਚਣ ਲਈ ਮਜ਼ਬੂਰ ਖੇਤੀ ਮਜ਼ਦੂਰ

ਭਾਵੇਂ ਕੜਾਕੇ ਦੀ ਗਰਮੀ ਹੋਵੇ ਜਾਂ ਹੱਡ ਚੀਰਵੀਂ ਠੰਢ, ਖੇਤ ਮਜ਼ਦੂਰਾਂ ਨੂੰ ਆਪਣੇ ਚੁੱਲ੍ਹੇ ਚੱਲਦੇ ਰੱਖਣ ਖਾਤਰ ਮੌਸਮ ਦੀ ਕਰੋਪੀ ਦਾ ਹਰ ਹਾਲ ਵਿੱਚ ਸਾਹਮਣਾ ਕਰਨਾ ਪੈਂਦਾ ਹੈ । ਇਨ੍ਹਾਂ ਦਿਨਾਂ ਵਿੱਚ ਪੰਜਾਬ ਵਿੱਚ ਚੱਲ ਰਹੀ ਸੀਤ ਲਹਿਰ, ਜਿਸ ਵਿੱਚ ਧੁੰਦ ਕਾਰਨ ਸੂਰਜ ਦੇਵਤਾ ਦੇ ਕਈ ਦਿਨਾਂ ਤੋਂ ਦਰਸ਼ਨ ਵੀ ਨਹੀਂ ਹੋਏ, ਦੌਰਾਨ ਖੇਤਾਂ ਵਿੱਚ ਕੰਮ ਕਰ ਰਹੇ ਅਨੇਕਾਂ ਮਜ਼ਦੂਰਾਂ ਨਾਲ ਗੱਲ ਕਰਨ 'ਤੇ ਉਨ੍ਹਾਂ ਦੱਸਿਆ ਕਿ ਸਰਦੀ ਉਨ੍ਹਾਂ ਲਈ ਮੁਸ਼ਕਿਲ ਨਹੀਂ, ਸਗੋਂ ਰੋਜ਼ੀ ਰੋਟੀ ਚੱਲਦੀ ਰੱਖਣਾ ਉਨ੍ਹਾਂ ਦੀ ਮੁੱਖ ਮਜ਼ਬੂਰੀ ਹੈ, ਕਿਉਂਕਿ ਜੇਕਰ ਉਨ੍ਹਾਂ ਇੱਕ ਦਿਨ ਵੀ ਕੰਮ ਬੰਦ ਕਰ ਦਿੱਤਾ ਤਾਂ ਘਰ ਦੇ ਚੁੱਲ੍ਹੇ ਦੀ ਅੱਗ ਠੰਢੀ ਪੈ ਜਾਵੇਗੀ । ਇਨ੍ਹਾਂ ਮਜ਼ਦੂਰਾਂ ਜਿਨ੍ਹਾਂ ਵਿੱਚੋਂ ਵਧੇਰੇ ਪ੍ਰਵਾਸੀ ਹਨ, ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਕਮਾਈ ਨਾਲ ਹੀ ਰਾਸ਼ਨ ਪਾਣੀ ਖਰੀਦ ਕੇ ਆਪਣੇ ਬੱਚਿਆਂ ਦਾ ਢਿੱਡ ਭਰਦੇ ਹਨ। ਇਨ੍ਹਾਂ ਦਿਨਾਂ ਵਿੱਚ ਪੰਜਾਬ ਵਿੱਚ ਵੱਖ-ਵੱਖ ਇਲਾਕਿਆਂ ਵਿੱਚ ਕਿਤੇ ਆਲੂ ਦੀ ਪੁਟਾਈ ਅਤੇ ਕਿਤੇ ਮਟਰਾਂ ਦੀ ਤੁੜਾਈ ਅਤੇ ਗਾਜਰ, ਮੂਲੀ ਤੇ ਸ਼ਲਗਮ ਵਰਗੀਆਂ ਸਬਜ਼ੀਆਂ ਦੀ ਧੁਲਾਈ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ। ਸਵੇਰ ਦੇ ਸਮੇਂ ਜਦੋਂ ਤਾਪਮਾਨ ਬਹੁਤ ਹੇਠਾਂ ਡਿੱਗ ਜਾਂਦਾ ਹੈ ਅਤੇ ਚਾਰੋਂ ਪਾਸੇ ਧੁੰਦ ਦੀ ਮੋਟੀ ਚਾਦਰ ਪਸਰੀ ਹੁੰਦੀ ਹੈ, ਉਸ ਸਮੇਂ ਵੀ ਇਨ੍ਹਾਂ ਖੇਤ ਮਜ਼ਦੂਰਾਂ ਨੂੰ ਸਵੇਰੇ 7 ਵਜੇ ਹੀ ਖੇਤਾਂ ਵਿੱਚ ਪਹੁੰਚ ਕੇ ਮਜ਼ਬੂਰਨ ਕੰਮ ਸ਼ੁਰੂ ਕਰਨਾ ਪੈਂਦਾ ਹੈ, ਠੰਢ ਨਾਲ ਪਹਿਲਾਂ ਹੀ ਸੁੰਨ ਹੋਏ ਹੱਥਾਂ ਨਾਲ ਬਰਫ ਵਰਗੀਆਂ ਠੰਡੀਆਂ ਸਬਜ਼ੀਆਂ ਨੂੰ ਸਹੀ ਸਮੇਂ 'ਤੇ ਮੰਡੀਆਂ ਵਿੱਚ ਪਹੁੰਚਾਉਣ ਲਈ ਕੰਮ ਕਰਨਾ ਇਨ੍ਹਾਂ ਲਈ ਸਿਰਫ ਰੁਜ਼ਗਾਰ ਨਹੀਂ, ਸਗੋਂ ਜੀਵਨ ਦੀ ਲੜਾਈ ਹੈ। ਆਪਣੇ ਪੂਰੇ ਪਰਿਵਾਰ ਨਾਲ ਬਿਹਾਰ ਤੋਂ ਰੁਜ਼ਗਾਰ ਲਈ ਪੰਜਾਬ ਆਈ ਕਾਂਤਾ ਦੇਵੀ ਜੋ ਚੱਲ ਰਹੇ ਦਿਨਾਂ ਵਿੱਚ ਚੈਹਿਲ ਨਜ਼ਦੀਕ ਪਿੰਡ ਖਨੌੜਾ ਦੇ ਖੇਤਾਂ ਵਿੱਚ ਆਲੂ ਚੁਗਾਈ ਦਾ ਕੰਮ ਕਰ ਰਹੀ ਸੀ, ਨੇ ਦੱਸਿਆ ਕਿ ਉਹ ਸਵੇਰੇ ਸਵਖਤੇ ਹੀ ਆਪਣੇ ਦੋ ਛੋਟੇ ਬੱਚਿਆਂ ਸਮੇਤ ਕੰਮ ਕਰਨ ਲਈ ਆਪਣੇ ਪਤੀ ਨਾਲ ਘਰੋਂ ਨਿਕਲ ਜਾਂਦੀ ਹੈ, ਸਰਦੀ ਵਿੱਚ ਠਰਦੇ ਇਹ ਬੱਚੇ ਠੰਢ ਤੋਂ ਬਚਣ ਲਈ ਖੇਤਾਂ ਵਿੱਚ ਪਈਆਂ ਆਲੂ ਭਰਨ ਵਾਲੀਆਂ ਬੋਰੀਆਂ ਵਿੱਚ ਆਪਣੇ ਆਪ ਨੂੰ ਸਮੇਟ ਕੇ ਠੰਢ ਤੋਂ ਬਚਣ ਲਈ ਆਹਰੇ ਲੱਗੇ ਰਹਿੰਦੇ ਹਨ । ਇਹ ਪੁੱਛਣ 'ਤੇ ਕਿ ਏਨੀ ਸਰਦੀ ਵਿੱਚ ਉਹ ਆਪਣੇ ਬੱਚਿਆਂ ਨੂੰ ਖੇਤਾਂ ਵਿੱਚ ਕਿਉਂ ਨਾਲ ਲੈ ਕੇ ਆਉਂਦੇ ਹਨ । ਇਨ੍ਹਾਂ ਮਜ਼ਦੂਰਾਂ ਨੇ ਦੱਸਿਆ ਕਿ ਇਨ੍ਹਾਂ ਦਿਨਾਂ ਵਿੱਚ ਸਕੂਲਾਂ ਵਿੱਚ ਛੁੱਟੀਆਂ ਹੋਣ ਅਤੇ ਬੱਚਿਆਂ ਦੀ ਸੰਭਾਲ ਲਈ ਘਰ ਵਿੱਚ ਕੋਈ ਹੋਰ ਸਹਾਰਾ ਨਾ ਹੋਣ ਕਰਕੇ ਉਹ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਨਾਲ ਹੀ ਖੇਤਾਂ ਵਿੱਚ ਲੈ ਕੇ ਆਉਣ ਲਈ ਮਜ਼ਬੂਰ ਹਨ । ਚੱਲ ਰਹੇ ਦਿਨਾਂ ਵਿੱਚ ਖੇਤਾਂ ਵਿੱਚ ਮਜ਼ਦੂਰਾਂ ਦੇ ਬਣੇ ਇਹ ਹਾਲਾਤ ਇੱਕ ਵੱਡਾ ਸਵਾਲ ਖੜ੍ਹਾ ਕਰ ਰਹੇ ਹਨ ਕਿ ਇਨ੍ਹਾਂ ਮਜ਼ਦੂਰਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸੁਰੱਖਿਅਤ ਅਤੇ ਸਾਜ਼ਗਾਰ ਕੰਮ ਦੇ ਹਾਲਾਤ ਬਣਾਉਣਾ ਸਮੇਂ ਦੀ ਲੋੜ ਨਹੀਂ ।

# ਟਰੈਕਟਰ ਸ਼ਿੰਗਾਰਨ ਦੇ ਰੁਝਾਨ ਨੇ ਪੰਜਾਬੀਆਂ ਦੇ ਲੱਖਾਂ ਰੁਪਏ ਉਡਾਏ

## ਕਿਸਾਨਾਂ ਦੇ ਗੱਡੇ ਲਗਜਰੀਆਂ ਗੱਡੀਆਂ ਨੂੰ ਵੀ ਪਾਉਂਦੇ ਨੇ ਮਾਤ

ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ - ਇਸ ਕਹਾਵਤ ਨੂੰ ਸੱਚ ਕਰਦੀ ਅੱਜ ਦੀ ਨੌਜਵਾਨ ਪੀੜ੍ਹੀ ਵੱਲੋਂ ਕਿਸਾਨਾਂ ਦਾ ਗੱਡਾ ਕਹੇ ਜਾਣ ਵਾਲੇ ਟਰੈਕਟਰਾਂ ਨੂੰ ਸ਼ਿੰਗਾਰਨ 'ਤੇ ਲੱਖਾਂ ਰੁਪਏ ਖਰਚ ਕੀਤੇ ਜਾ ਰਹੇ ਹਨ । ਇਨ੍ਹਾਂ ਸ਼ਿੰਗਾਰੇ ਹੋਏ ਟਰੈਕਟਰਾਂ ਦੀ ਬਾਲੀਵੁੱਡ ਅਤੇ ਪਾਲੀਵੁੱਡ ਦੇ ਗਾਣਿਆਂ ਵਿੱਚ ਵੀ ਮੰਗ ਵਧੀ ਹੈ । ਦੂਜੇ ਪਾਸੇ ਨੌਜਵਾਨ ਪੀੜ੍ਹੀ ਇਸ ਨੂੰ ਰੁਤਬਾ ਅਤੇ ਸਮਾਜਿਕ ਵਿਖਾਵੇ ਵਜੋਂ ਲੈਂਦੀ ਹੈ। ਲੋੜੋਂ ਵੱਧ ਕੀਤੀ ਮੋਡੀਫਿਕੇਸ਼ਨ ਸੜਕੀ ਸੁਰੱਖਿਆ ਲਈ ਵੀ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ । ਕੁਦਰਤੀ ਆਫਤਾਂ, ਹੜ੍ਹਾਂ ਅਤੇ ਕਿਸਾਨੀ ਅੰਦੋਲਨਾਂ ਦੌਰਾਨ ਟਰੈਕਟਰਾਂ ਨੇ ਸਮਾਜਿਕ ਜ਼ਿੰਮੇਵਾਰੀ ਦੀ ਮਿਸਾਲ ਪੇਸ਼ ਕੀਤੀ ਹੈ, ਪਰ ਮੌਜੂਦਾ ਦੌਰ ਦੀ ਵਾਧੂ ਮੋਡੀਫਿਕੇਸ਼ਨ ਨੇ ਪ੍ਰਸ਼ਾਸਨ ਅਤੇ ਸਮਾਜ ਦੋਵਾਂ ਲਈ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ । ਇਹ ਟਰੈਕਟਰ ਹੁਣ ਮੋਡੀਫਿਕੇਸ਼ਨ ਕਾਰਨ ਇੰਨੇ ਆਕਰਸ਼ਕ ਰੂਪ ਵਿੱਚ ਸਾਹਮਣੇ ਆ ਰਹੇ ਹਨ ਕਿ ਕਈ ਵਾਰ ਮਹਿੰਗੀਆਂ ਲਗਜ਼ਰੀ ਗੱਡੀਆਂ ਨੂੰ ਵੀ ਮਾਤ ਪਾਉਂਦੇ ਨਜ਼ਰ ਆਉਂਦੇ ਹਨ । ਪੰਜਾਬ ਦੇ ਕਿਸਾਨ ਵੱਡੇ ਅਤੇ ਸ਼ਕਤੀਸ਼ਾਲੀ ਟਰੈਕਟਰ ਖਰੀਦਣ ਦੇ ਮਾਮਲੇ ਵਿੱਚ ਦੇਸ਼ ਭਰ ਵਿੱਚੋਂ ਮੋਹਰੀ ਮੰਨੇ ਜਾਂਦੇ ਹਨ, ਪਰ ਹੁਣ ਟਰੈਕਟਰਾਂ ਨੂੰ ਸਜਾਉਣ ਵਿੱਚ ਵੀ ਕਿਸੇ ਤੋਂ ਪਿੱਛੇ ਨਹੀਂ ਜਾਪਦੇ । ਅੱਜ-ਕੱਲ੍ਹ ਵਰਕਸ਼ਾਪਾਂ ਵਿੱਚ ਲੇਜ਼ਰ ਕਟਿੰਗ ਨਾਲ ਬਣੇ ਹੈਵੀ ਲੋਹੇ ਦੇ ਅੱਗੇ ਤੇ ਪਿੱਛੇ ਵਾਲੇ ਬੰਪਰ, ਸੁਰੱਖਿਆ ਫਰੇਮ, ਸਾਈਡ ਰੇਲਿੰਗਾਂ ਅਤੇ ਗਾਰਡ ਲਗਾਏ ਜਾ ਰਹੇ ਹਨ । ਇਸ ਤੋਂ ਇਲਾਵਾ ਟਰੈਕਟਰ ਦੀ ਉੱਚਾਈ ਅਤੇ ਦਿੱਖ ਵਧਾਉਣ ਲਈ ਵੱਡੇ ਅਤੇ ਚੌੜੇ ਖਾਸ ਟਾਇਰ, ਅਲੌਏ ਜਾਂ ਡਿਜ਼ਾਇਨਰ ਰਿੰਮ, ਚੇਨ ਕਵਰ, ਮਿੱਟੀ ਰੋਕਣ ਵਾਲੇ ਫਲੈਪ ਅਤੇ ਸਟੈਂਡ ਲਗਾਏ ਜਾਂਦੇ ਹਨ । ਟਰੈਕਟਰਾਂ ਨੂੰ ਹੋਰ ਆਕਰਸ਼ਕ ਬਣਾਉਣ ਲਈ ਅੱਗੇ, ਪਿੱਛੇ ਅਤੇ ਹੇਠਾਂ ਵੱਲ ਚਮਕੀਲੀ ਐਲ. ਈ. ਡੀ., ਮਲਟੀ-ਕਲਰ ਅਤੇ ਫਲੈਸ਼ ਲਾਈਟਾਂ ਲਗਾਏ ਜਾ ਰਹੇ ਹਨ । ਕਈ ਟਰੈਕਟਰਾਂ ਵਿੱਚ ਸਾਊਂਡ ਦੇ ਸ਼ੌਕ ਹੇਠਾਂ ਵੱਡੇ ਸਪੀਕਰ, ਸਬ-ਵੂਫਰ, ਐਂਪਲੀਫਾਇਰ, ਮਿਊਜ਼ਿਕ ਸਿਸਟਮ, ਮਾਈਕ ਅਤੇ ਡੀ. ਜੇ. ਟਾਈਪ ਸੈਟਅੱਪ 'ਤੇ ਲੱਖਾਂ ਰੁਪਏ ਖਰਚ ਕਰ ਦਿੱਤੇ ਜਾਂਦੇ ਹਨ । ਇਥੋਂ ਤੱਕ ਕਿ ਵਿਦੇਸ਼ਾਂ ਵਿੱਚ ਵਸਦੇ ਕਈ ਪੰਜਾਬੀ ਨੌਜਵਾਨ ਆਪਣੇ ਖਾਸ ਤੌਰ 'ਤੇ ਸ਼ਿੰਗਾਰੇ ਟਰੈਕਟਰਾਂ 'ਤੇ ਬਰਾਤਾਂ ਲੈ ਕੇ ਜਾਣ ਲੱਗ ਪਏ ਹਨ । ਇਹ ਦ੍ਰਿਸ਼ ਇੱਕ ਪਾਸੇ ਪੰਜਾਬੀ ਸ਼ਾਨ, ਮਿੱਟੀ ਨਾਲ ਜੁੜਾਅ ਅਤੇ ਰਵਾਇਤੀ ਸੋਚ ਨੂੰ ਦਰਸਾਉਂਦੇ ਹਨ, ਪਰ ਦੂਜੇ ਪਾਸੇ ਟਰੈਕਟਰ ਦੇ ਮੂਲ ਉਦੇਸ਼ ਤੋਂ ਭਟਕਣ ਦੀ ਤਸਵੀਰ ਵੀ ਪੇਸ਼ ਕਰਦੇ ਹਨ । ਮਨੋਵਿਗਿਆਨਕ ਪੱਖੋਂ ਮਾਹਿਰਾਂ ਦਾ ਕਹਿਣਾ ਹੈ ਕਿ ਨੌਜਵਾਨਾਂ ਵਿੱਚ ਇਹ ਰੁਝਾਨ ਆਪਣੀ ਵੱਖਰੀ ਪਛਾਣ ਬਣਾਉਣ, ਰੁਤਬਾ ਦਰਸਾਉਣ ਅਤੇ ਸੋਸ਼ਲ ਮੀਡੀਆ 'ਤੇ ਪ੍ਰਸਿੱਧੀ ਹਾਸਲ ਕਰਨ ਦੀ ਇੱਛਾ ਨਾਲ ਜੁੜਿਆ ਹੋਇਆ ਹੈ । ਤਾਰੀਫ, ਲਾਇਕਾਂ ਅਤੇ ਵਾਇਰਲ ਹੋਣ ਦੀ ਦੌੜ ਕਈ ਵਾਰ ਸੋਚ-ਵਿਚਾਰ ਅਤੇ ਸੁਰੱਖਿਆ ਨੂੰ ਪਿੱਛੇ ਛੱਡ ਦਿੰਦੀ ਹੈ । ਦੂਜੇ ਪਾਸੇ ਟ੍ਰੈਫਿਕ ਅਤੇ ਆਵਾਜਾਈ ਮਾਹਿਰਾਂ ਵੱਲੋਂ ਚਿਤਾਵਨੀ ਦਿੱਤੀ ਜਾ ਰਹੀ ਹੈ ਕਿ ਬਿਨਾਂ ਮਨਜ਼ੂਰੀ ਕੀਤੀਆਂ ਤਕਨੀਕੀ ਸੋਧਾਂ, ਵਧੀਕ ਉਚਾਈ, ਭਾਰੀ ਬੰਪਰ ਅਤੇ ਤਿੱਖੀਆਂ ਲਾਈਟਾਂ ਸੜਕਾਂ 'ਤੇ ਹਾਦਸਿਆਂ ਦਾ ਕਾਰਨ ਬਣ ਸਕਦੀਆਂ ਹਨ । ਵਿਦਵਾਨਾਂ ਦਾ ਮਤ ਹੈ ਕਿ ਜੇ ਸਮੇਂ ਸਿਰ ਸਪੱਸ਼ਟ ਨਿਯਮ, ਨਿਗਰਾਨੀ ਅਤੇ ਜਾਗਰੂਕਤਾ ਨਹੀਂ ਆਈ, ਤਾਂ ਇਹ ਰੁਝਾਨ ਭਵਿੱਖ ਵਿੱਚ ਹੋਰ ਗੰਭੀਰ ਨਤੀਜੇ ਲਿਆ ਸਕਦਾ ਹੈ ।

**ਟਰੈਕਟਰਾਂ ਨੂੰ ਹੋਰ ਆਕਰਸ਼ਕ ਬਣਾਉਣ ਲਈ ਅੱਗੇ, ਪਿੱਛੇ ਅਤੇ ਹੇਠਾਂ ਵੱਲ ਚਮਕੀਲੀ ਐਲ. ਈ. ਡੀ., ਮਲਟੀ-ਕਲਰ ਅਤੇ ਫਲੈਸ਼ ਲਾਈਟਾਂ ਲਗਾਏ ਜਾ ਰਹੇ ਹਨ**



RNI/42269/83 (PUNPUN00806) Postage Registered No. PB/PTA/0338/2025-2027

# ਸਰਦੀਆਂ ਵਿਚ ਪਸ਼ੂਆਂ ਦੇ ਬਿਹਤਰ ਉਤਪਾਦਨ ਅਤੇ ਸਿਹਤ ਸੰਭਾਲ ਲਈ ਢੁੱਕਵੇਂ ਪ੍ਰਬੰਧ ਜ਼ਰੂਰੀ

ਸਰਦੀਆਂ ਦੇ ਮੌਸਮ ਵਿਚ ਪਸ਼ੂਆਂ ਦੀ ਸੁਚੱਜੀ ਸਾਂਭ ਸੰਭਾਲ ਬਹੁਤ ਜ਼ਰੂਰੀ ਹੈ ਤਾਂ ਕਿ ਪਸ਼ੂਆਂ ਦੀ ਸਿਹਤ ਅਤੇ ਉਤਪਾਦਨ ਨੂੰ ਬਿਹਤਰ ਰੱਖਿਆ ਜਾ ਸਕੇ। ਇੰਨਾਂ ਨੁਕਤਿਆਂ ਦਾ ਪ੍ਰਗਟਾਵਾ ਡਾ. ਯਸ਼ਪਾਲ ਸਿੰਘ, ਮੁਖੀ, ਪਸ਼ੂਧਨ ਉਤਪਾਦਨ ਤੇ ਪ੍ਰਬੰਧਨ ਵਿਭਾਗ, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਨੇ ਕੀਤਾ।



ਡਾ. ਯਸ਼ਪਾਲ ਨੇ ਕਿਹਾ ਕਿ ਸ਼ੈੱਡਾਂ ਨੂੰ ਪਰਦੇ ਲਾ ਕੇ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਜੋ ਠੰਡੀ ਹਵਾ ਰੋਕੀ ਜਾ ਸਕੇ। ਪਰਦੇ ਬਨਾਉਣ ਲਈ ਤਰਪਾਲ, ਸੁੱਕਾ ਘਾਹ, ਪਰਾਲੀ ਜਾਂ ਬਾਂਸ ਆਦਿ ਵਰਤੇ ਜਾ ਸਕਦੇ ਹਨ। ਸ਼ੈੱਡਾਂ ਦੇ ਆਲੇ ਦੁਆਲੇ ਖੜ੍ਹੇ ਰੁੱਖਾਂ ਨੂੰ ਛਾਂਗ ਦੇਣਾ ਚਾਹੀਦਾ ਹੈ ਤਾਂ ਕਿ ਧੁੱਪ ਸ਼ੈੱਡਾਂ ਜਾਂ ਢਾਰਿਆਂ ਦੇ ਅੰਦਰ ਤੱਕ ਪਹੁੰਚ ਸਕੇ। ਸ਼ੈਡ ਦੇ ਅੰਦਰ ਅੱਗ ਨਹੀਂ ਬਾਲਣੀ ਚਾਹੀਦੀ। ਧੁੱਪ ਨਿਕਲਣ 'ਤੇ ਪਸ਼ੂਆਂ ਨੂੰ ਬਾਹਰ ਕੱਢਣਾ ਚਾਹੀਦਾ ਹੈ ਤਾਂ ਜੋ ਉਹ ਧੁੱਪ ਵਿਚ ਬੈਠ ਸਕਣ। ਫਰਸ਼ ਨੂੰ ਵੀ ਸੁੱਕਾ ਰੱਖਣਾ ਚਾਹੀਦਾ ਹੈ ਤਾਂ ਜੋ ਪਸ਼ੂਆਂ ਨੂੰ ਠੰਡ ਲੱਗਣ ਤੋਂ ਬਚਾਇਆ ਜਾ ਸਕੇ। ਠੰਡ ਨਾਲ ਪਸ਼ੂਆਂ ਨੂੰ ਬੁਖਾਰ, ਨਮੂਨੀਆ ਅਤੇ ਮੋਕ ਆਦਿ ਹੋ ਸਕਦੀ ਹੈ। ਫਰਸ਼ ਨੂੰ ਠੰਡਿਆਂ ਹੋਣ ਤੋਂ ਬਚਾਉਣ ਲਈ ਸੁੱਕਾ ਘਾਹ, ਪਰਾਲੀ, ਤੂੜੀ ਜਾਂ ਚੌਲਾਂ ਦੀ ਫੱਕ ਆਦਿ ਵਿਛਾਉਣੀ ਚਾਹੀਦੀ ਹੈ। ਪਸ਼ੂਆਂ ਦੇ ਸਰੀਰ 'ਤੇ ਝੁੱਲ ਵੀ ਪਾਏ ਜਾ ਸਕਦੇ ਹਨ। ਜਿਸ ਨਾਲ ਉਨ੍ਹਾਂ ਦੇ ਸਰੀਰ ਦੀ ਗਰਮੀ ਬਣੀ ਰਹੇਗੀ। ਸ਼ੈੱਡਾਂ ਨੂੰ ਦਿਨ ਵਿਚ ਦੋ ਵਾਰ ਸਾਫ ਕਰਨਾ ਚਾਹੀਦਾ ਹੈ ਤੇ ਪਾਣੀ, ਗੋਹੇ ਦੇ ਨਿਕਾਸੀ ਪ੍ਰਬੰਧ ਦਰੁਸਤ ਰੱਖਣੇ ਚਾਹੀਦੇ ਹਨ। ਪਸ਼ੂਆਂ ਨੂੰ ਨਹਾਉਣ ਤੋਂ ਪਰਹੇਜ਼ ਕਰਦਿਆਂ ਸੁੱਕੇ ਕੱਪੜੇ ਜਾਂ ਪਰਾਲੀ ਨਾਲ ਸਫਾਈ ਕਰ ਦੇਣੀ ਚਾਹੀਦੀ ਹੈ। ਜੇਕਰ ਲੋੜ ਪਵੇ ਤਾਂ ਪਸ਼ੂ ਨੂੰ ਕੋਸੇ ਪਾਣੀ ਨਾਲ ਨਹਾਉਣਾ ਚਾਹੀਦਾ ਹੈ।

ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ ਪਸ਼ੂ ਨੂੰ ਪੌਸ਼ਟਿਕ ਅਤੇ ਸੰਤੁਲਿਤ ਖੁਰਾਕ ਦੇਣੀ ਚਾਹੀਦੀ ਹੈ। ਇਸ ਮੌਸਮ ਵਿਚ ਬਰਸੀਮ ਦੇ ਪੱਠਿਆਂ ਦੀ ਕਾਫੀ ਬਹੁਤਾਤ ਹੁੰਦੀ ਹੈ ਅਤੇ ਇਸ ਵਿਚ ਪ੍ਰੋਟੀਨ ਅਤੇ ਪਾਣੀ ਦੀ ਕਾਫੀ ਮਾਤਰਾ ਮਿਲ ਜਾਂਦੀ ਹੈ। ਦੁਧਾਰੂ ਪਸ਼ੂਆਂ ਲਈ ਇਹ ਬਹੁਤ ਫਾਇਦੇਮੰਦ ਹੁੰਦਾ ਹੈ। ਜੇਕਰ ਹਰੇ ਚਾਰਿਆਂ ਦੀ ਘਾਟ ਹੋਵੇ ਤਾਂ 25-30 ਕਿੱਲੋ ਫ਼ਲੀਦਾਰ ਚਾਰਿਆਂ ਵਿਚ 5 ਤੋਂ 10 ਕਿੱਲੋ ਤੂੜੀ ਮਿਲਾ ਕੇ ਪ੍ਰਤੀ ਪਸ਼ੂ ਦੇਣੀ ਚਾਹੀਦੀ ਹੈ। 10 ਕਿੱਲੋ ਤੱਕ ਦੁੱਧ ਦੇਣ ਵਾਲੇ ਪਸ਼ੂ ਨੂੰ ਤਿੰਨ ਕਿੱਲੋ ਦਾਣਾ ਅਤੇ 40-50 ਕਿੱਲੋ ਚਾਰੇ ਦੀ ਲੋੜ ਹੁੰਦੀ ਹੈ। ਨਾਈਟ੍ਰੇਟ ਜ਼ਹਿਰਬਾਦ ਤੋਂ ਬਚਾਉਣ ਲਈ ਫ਼ਲੀਦਾਰ ਅਤੇ ਗੈਰ-ਫ਼ਲੀਦਾਰ ਚਾਰਿਆਂ ਨੂੰ ਤੂੜੀ ਨਾਲ ਮਿਲਾ ਕੇ ਹੀ ਪਸ਼ੂ ਨੂੰ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਰਦੀਆਂ ਵਿਚ ਕੁਲ ਖੁਰਾਕ ਦਾ ਦੋ ਪ੍ਰਤੀਸ਼ਤ ਧਾਤਾਂ ਦਾ ਚੂਰਾ ਅਤੇ ਇੱਕ ਪ੍ਰਤੀਸ਼ਤ ਲੂਣ ਵੀ ਪਸ਼ੂ ਨੂੰ ਦੇਣਾ ਜਰੂਰੀ ਹੈ। ਪਸ਼ੂ ਨੂੰ ਸਾਫ, ਤਾਜ਼ਾ ਅਤੇ ਕੋਸਾ ਪਾਣੀ ਮੁਹੱਈਆ ਕਰਨਾ ਚਾਹੀਦਾ ਹੈ। ਪਸ਼ੂ ਨੂੰ ਮਲੱਪ ਰਹਿਤ ਕਰਨ ਦੀ ਦਵਾਈ ਇੱਕ ਵਾਰ ਦੇਣ ਤੋਂ ਬਾਅਦ 21 ਦਿਨ ਬਾਅਦ ਦੁਬਾਰਾ ਦੇਣੀ ਚਾਹੀਦੀ ਹੈ। ਚਿੱਚੜਾਂ ਤੋਂ ਬਚਾਉਣ ਲਈ ਸ਼ੈੱਡਾਂ ਵਿਚ ਚਿੱਚੜ ਮਾਰ ਦਵਾਈ ਵਰਤਣੀ ਚਾਹੀਦੀ ਹੈ।

## ਪੰਜਾਬ ਦੇ 16 ਜ਼ਿਲ੍ਹਿਆਂ ਦੇ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ ਤੇ ਯੂਰੇਨੀਅਮ : ਰੀਪੋਰਟ

ਪੰਜਾਬ ਦਾ ਜ਼ਮੀਨਦੋਜ਼ ਪਾਣੀ ਹੌਲੀ-ਹੌਲੀ ਜ਼ਹਿਰੀਲਾ ਬਣਦਾ ਜਾ ਰਿਹਾ ਹੈ । ਸੈਂਟਰਲ ਗ੍ਰਾਊਂਡ ਵਾਟਰ ਬੋਰਡ (ਸੀ. ਜੀ. ਡਬਲਿਊ. ਬੀ.) ਦੇ ਤਾਜ਼ਾ ਅੰਕੜਿਆਂ ਮੁਤਾਬਕ ਪੰਜਾਬ ਦੇ 16 ਜ਼ਿਲ੍ਹਿਆਂ ਦੇ ਜ਼ਮੀਨਦੋਜ਼ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਨਿਰਧਾਰਿਤ ਮਿਆਰਾਂ ਨਾਲੋਂ ਵੱਧ ਪਾਈ ਗਈ ਹੈ । ਇਸ ਨਾਲ ਸਾਫ਼ ਹੁੰਦਾ ਹੈ ਕਿ ਇਨ੍ਹਾਂ 16 ਜ਼ਿਲ੍ਹਿਆਂ ਦਾ ਪਾਣੀ ਜ਼ਹਿਰੀਲਾ ਹੋ ਚੁੱਕਾ ਹੈ । ਸੀ. ਜੀ. ਡਬਲਿਊ. ਬੀ. ਨੇ ਪੰਜਾਬ ਵਿੱਚ 62.5 ਫੀਸਦੀ ਸੈਂਪਲਾਂ ਵਿੱਚ ਯੂਰੇਨੀਅਮ ਮਿਆਰ ਤੋਂ ਵੱਧ ਪਾਇਆ ਹੈ । ਸੀ. ਜੀ. ਡਬਲਿਊ. ਬੀ. ਦੀ ਇਹ ਰੀਂਪਰਟ ਕਾਫ਼ੀ ਡਰਾਉਣੀ ਹੈ । ਵਿਸ਼ਵ ਸਿਹਤ ਸੰਗਠਨ (ਡਬਲਿਊ. ਐਚ. ਓ.) ਅਨੁਸਾਰ ਪੀਣ ਵਾਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ 30 ਹਿੱਸੇ ਪ੍ਰਤੀ ਅਰਬ (ਪੀ. ਪੀ. ਬੀ.) ਤੱਕ ਹੋਵੇ ਤਾਂ ਪਾਣੀ ਪੀਣ ਯੋਗ ਮੰਨਿਆ ਜਾਂਦਾ ਹੈ, ਪਰ ਇਸ ਤੋਂ ਵੱਧ ਹੋਣ 'ਤੇ ਪਾਣੀ ਪੀਣ ਯੋਗ ਨਹੀਂ ਰਹਿੰਦਾ । ਪੰਜਾਬ ਦੇ ਕੁੱਝ ਜ਼ਿਲ੍ਹਿਆਂ ਵਿੱਚ ਤਾਂ 200 ਪੀ. ਪੀ. ਬੀ. ਤੱਕ ਯੂਰੇਨੀਅਮ ਪਾਇਆ ਗਿਆ ਹੈ । ਇਸੇ ਤਰ੍ਹਾਂ ਪੰਜਾਬ ਵਿੱਚ 4.8 ਫੀਸਦੀ ਸੈਂਪਲਾਂ ਵਿੱਚ ਆਰਸੈਨਿਕ ਦੀ ਮਾਤਰਾ 10 ਪੀ. ਪੀ. ਬੀ. ਤੋਂ ਵੱਧ ਨਿਕਲੀ ਹੈ, ਜਦੋਂਕਿ ਡਬਲਿਊ. ਐਚ. ਓ. ਮੁਤਾਬਕ 10 ਪੀ. ਪੀ. ਬੀ. ਤੋਂ ਵੱਧ ਆਰਸੈਨਿਕ ਸਿਹਤ ਲਈ ਹਾਨੀਕਾਰਕ ਮੰਨਿਆ ਜਾਂਦਾ ਹੈ । ਯੂਰੇਨੀਅਮ ਤੋਂ ਬਾਅਦ ਆਰਸੈਨਿਕ ਦੀ ਮੌਜੂਦਗੀ ਨੂੰ ਮਾਹਿਰ ਹੋਰ ਵੀ ਵੱਡੀ ਚੁਨੌਤੀ ਮੰਨ ਰਹੇ ਹਨ । ਰੀਂਪਰਟ ਮੁਤਾਬਕ ਪੰਜਾਬ ਦੇ ਤਰਨਤਾਰਨ, ਪਟਿਆਲਾ, ਸੰਗਰੂਰ, ਮੋਗਾ, ਮਾਨਸਾ, ਬਰਨਾਲਾ, ਲੁਧਿਆਣਾ, ਜਲੰਧਰ, ਕਪੂਰਥਲਾ, ਫਰੀਦਕੋਟ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਅੰਮ੍ਰਿਤਸਰ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਵਿੱਚ ਯੂਰੇਨੀਅਮ ਮਿਲਾਵਟ ਦਾ ਪੱਧਰ ਕਾਫ਼ੀ ਉੱਚਾ ਦਰਜ ਕੀਤਾ ਗਿਆ ਹੈ । ਸੰਗਰੂਰ ਅਤੇ ਬਠਿੰਡਾ ਵਿੱਚ ਤਾਂ ਯੂਰੇਨੀਅਮ ਦੀ ਮਾਤਰਾ 200 ਪੀ. ਪੀ. ਬੀ. ਤੋਂ ਵੀ ਵੱਧ ਪਾਈ ਗਈ ਹੈ । ਜ਼ਮੀਨਦੋਜ਼ ਪਾਣੀ ਦੀ ਗੁਣਵੱਤਾ ਜਾਂਚਣ ਲਈ ਸੀ. ਜੀ. ਡਬਲਿਊ. ਬੀ. ਵੱਲੋਂ ਮਾਨਸੂਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਦੋ ਵਾਰ ਨਮੂਨੇ ਲਏ ਗਏ । ਦੋਹਾਂ ਵਾਰ 296-296 ਸੈਂਪਲ ਇਕੱਠੇ ਕੀਤੇ ਗਏ । ਮਾਨਸੂਨ ਪਹਿਲਾਂ ਦੇ ਸੈਂਪਲਾਂ ਵਿੱਚੋਂ 157 ਸੈਂਪਲਾਂ ਵਿੱਚ ਯੂਰੇਨੀਅਮ ਦੀ ਮਾਤਰਾ 30 ਪੀ. ਪੀ. ਬੀ. ਤੋਂ ਵੱਧ ਨਿਕਲੀ, ਜੋ ਕੁੱਲ ਸੈਂਪਲਾਂ ਦਾ 53.04 ਫੀਸਦੀ ਹੈ । ਉੱਥੇ ਹੀ ਮਾਨਸੂਨ ਤੋਂ ਬਾਅਦ ਲਏ ਗਏ 185 ਸੈਂਪਲਾਂ ਵਿੱਚ ਯੂਰੇਨੀਅਮ ਦੀ ਮਾਤਰਾ 30 ਪੀ. ਪੀ. ਬੀ. ਤੋਂ ਵੱਧ ਪਾਈ ਗਈ, ਜੋ ਕੁੱਲ ਸੈਂਪਲਾਂ ਦਾ 62.50 ਫੀਸਦੀ ਬਣਦੀ ਹੈ । ਰੀਂਪਰਟ ਮੁਤਾਬਕ ਨਮੂਨਿਆਂ ਵਿੱਚ ਯੂਰੇਨੀਅਮ ਦੀ ਮਾਤਰਾ ਦੇਸ਼ ਵਿੱਚ ਸਭ ਤੋਂ ਵੱਧ ਨਿਕਲੀ ਹੈ । ਉਨ੍ਹਾਂ ਅਨੁਸਾਰ, ਜਿਵੇਂ-ਜਿਵੇਂ ਟਿਊਬਵੈਲ ਦੀਆਂ ਪਾਈਪਾਂ ਦੀ ਗਹਿਰਾਈ ਵੱਧਦੀ ਹੈ, ਧਰਤੀ ਦੇ ਹੇਠਲੇ ਖਣਿਜਾਂ ਦੀਆਂ ਪਰਤਾਂ ਟੁੱਟਦੀਆਂ ਹਨ ਅਤੇ ਉਨ੍ਹਾਂ ਤੋਂ ਯੂਰੇਨੀਅਮ ਅਤੇ ਆਰਸੈਨਿਕ ਵਰਗੇ ਤੱਤ ਪਾਣੀ ਵਿੱਚ ਮਿਲ ਜਾਂਦੇ ਹਨ । ਉਹ ਦੱਸਦੇ ਹਨ ਕਿ ਦੂਜਾ ਮੁੱਖ ਕਾਰਨ ਖੇਤਾਂ ਵਿੱਚ ਵਰਤੀ ਜਾ ਰਹੀ ਰਸਾਇਣਿਕ ਖਾਦ ਹੈ । ਕੁਝ ਖਾਦਾਂ ਵਿੱਚ ਯੂਰੇਨੀਅਮ ਦੀ ਮਾਤਰਾ ਹੁੰਦੀ ਹੈ । ਇਸ ਦੇ ਨਾਲ-ਨਾਲ ਸਰੀਰ ਦੇ ਹੋਰ ਹਿੱਸਿਆਂ ਦੀਆਂ ਕੋਸ਼ਿਕਾਵਾਂ ਨੂੰ ਵੀ ਨੁਕਸਾਨ ਹੁੰਦਾ ਹੈ, ਜਿਸ ਕਾਰਨ ਕੈਂਸਰ ਵਰਗੀਆਂ ਖਤਰਨਾਕ ਬਿਮਾਰੀਆਂ ਹੋ ਸਕਦੀਆਂ ਹਨ । ਉਹ ਅੱਗੇ ਦੱਸਦੇ ਹਨ ਕਿ ਆਰਸੈਨਿਕ ਨਾਲ ਚਮੜੀ, ਫੇਫੜੇ ਅਤੇ ਬਲੱਡ ਕੈਂਸਰ ਵਰਗੀਆਂ ਬਿਮਾਰੀਆਂ ਹੋ ਸਕਦੀਆਂ ਹਨ । ਇਸ ਦੇ ਨਾਲ-ਨਾਲ ਦਿਲ ਅਤੇ ਸਾਹ ਪ੍ਰਣਾਲੀ ਵੀ ਪ੍ਰਭਾਵਿਤ ਹੁੰਦੇ ਹਨ ।




ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ

ਸਿਰਫ 100/- ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com